# ਸੁਲਤਾਨਪੁਰ ਲੋਧੀ : ਮੋਦੀਖਾਨਾ ਤਿਆਗਿਆ

## ਨਿਰੰਕਾਰ ਨਾਲ ਮੇਲ (ਵੇਈਂ ਵਿਚ ਡੁੱਬਣਾ)

ਗੁਰੂ ਸਾਹਿਬ ਦੇ ਜੀਵਨ ਵਿਚ ਇਹ ਉਹ ਇਤਹਾਸਿਕ ਮੌਕਾ ਸੀ ਜਦੋਂ ਗੁਰੂ ਜੀ ਦਾ ਸ਼ਾਖਸਾਤ ਨਿਰੰਕਾਰ ਅਕਾਲਪੁਰਖ ਨਾਲ ਆਹਮਣਾ ਸਾਹਮਣਾ ਹੁੰਦਾ ਹੈ। ਇਹ ਅਲੌਕਿਕ ਅਹਿਸਾਸ ਸਰੀਰਾਂ ਤੋਂ ਉੱਪਰ ਦੀ ਗੱਲ ਸੀ। ਅਕਾਲਪੁਰਖ ਵਲੋਂ ਇਸ ਆਤਮਾ ਤੇ ਬਖਸ਼ਸ਼ਾਂ ਹੁੰਦੀਆਂ ਨੇ। ਨਾਲ ਹੀ ਇਹ ਹੁਕਮ ਹੁੰਦਾ ਹੈ ਕਿ ਨਾਨਕ ਤੂੰ ਰਹਿੰਦੀ ਜ਼ਿੰਦਗੀ ਮੇਰੀ ਹੋਂਦ ਦਾ ਜੀਆਂ ਨੂੰ ਅਹਿਸਾਸ ਦੁਆਉਣਾ ਹੈ। ਅਕਾਲ ਪੁਰਖ ਦੀ ਬਖਸ਼ਸ਼ ਦਾ ਇਹ ਵੀ ਅਰਥ ਸੀ ਕਿ ਨਾਨਕ ਤੂੰ ਪਦਾਰਥਵਾਦੀ ਅਸੂਲਾਂ ਨੂੰ ਜਰੂਰਤ ਅਨੁਸਾਰ ਬਦਲ ਸਕੇਂਗਾ। ਭਾਵ ਪੰਜਾਂ ਤੱਤਾਂ ਦਾ ਬਣਿਆ ਪਦਾਰਥ ਤੈਨੂੰ ਰੋਕ ਨਹੀ ਸਕਦੇ ਮਤਲਬ ਤੈਨੂੰ ਪਰਬਤ ਰਾਹ ਦੇਣਗੇ, ਸਮੁੰਦਰ ਤੈਨੂੰ ਡੋਬ ਨਹੀ ਸਕੇਗਾ, ਅੱਗ ਤੈਨੂੰ ਸਾੜ ਨਹੀ ਸਕੇਗੀ, ਹਵਾ ਤੈਨੂੰ ਉਡਾ ਨਹੀ ਸਕੇਗੀ, ਸਮਾਂ ਜਾਂ ਵਕਤ ਤੈਨੂੰ ਮਿੱਟਾ ਨਹੀ ਸਕੇਗਾ। ਫਿਜਿਕਸ ਦੀ ਭਾਸ਼ਾ ਵਿਚ ਆਪਾਂ ਸ਼ਾਇਦ ਇਸ ਤਰਾਂ ਕਹਿ ਸਕਦੇ ਹਾਂ ਕਿ ਤੂੰ ਸਮੇਂ ਪਦਾਰਥ ਅਤੇ ਬ੍ਰਹਿਮੰਡ ਤੋਂ ਵੱਖਰੀ ਅਵਸਥਾ ਵਿਚ ਜੀਵੇਂਗਾਂ। You will exist beyond the parameters of Time Space and Matter)

ਜਨਮਸਾਖੀਆਂ ਤੋਂ ਇਹੋ ਲੱਗਦਾ ਹੈ ਕਿ ਗੁਰੂ ਸਾਹਿਬ ਇਥੇ ਵੀ ਅਰਜ ਕਰਦੇ ਨੇ ਕਿ ਮੇਰੇ ਮਾਲਕ ਜੀ ਮੈਨੂੰ ਬਖਸ਼ਸ਼ ਕਰੋ ਕਿ ਮੈਂ ਤੁਹਾਡੀ ਬਣਾਈ ਦੁਨਿਆਵੀ ਰਜਾ ਵਿਚ ਰਹਿ ਕੇ ਚਲ ਸਕਾਂ।

ਮਤਲਬ ਕਿ ਹੁਣ ਗੁਰੂ ਸਾਹਿਬ ਵਾਸਤੇ ਹੁਕਮ ਬਹੁਤ ਹੀ ਸਾਫ ਸੀ ਕਿ ਤੁਸੀ ਦੁਨਿਆਵੀ ਕੰਮਾਂ ਵਿਚ ਜੀਵਨ ਨਹੀ ਲਾਉਣਾ। ਤੁਸੀ ਲੋਕਾਈ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਣਾ ਤਾਂ ਕਿ ਚਾਹਵਾਨ ਨਾਮ ਦੇ ਲੜ ਲੱਗਿਆ ਚੜ੍ਹਦੀ ਕਲ੍ਹਾਂ ਵਾਲਾ ਜੀਵਨ ਜੀ ਸਕਣ।

ਹੁਣ ਗੁਰੂ ਸਾਹਿਬ ਨੇ ਤਹੱਈਆ ਕਰ ਲਿਆ ਕਿ ਉਹ ਲੋਕਾਈ ਨੂੰ ਦੱਸਣਗੇ ਜਿਹਨੂੰ ਤੁਸੀ ਪੂਜ ਰਹੇ ਹੋ ਉਹ ਤਾਂ ਖੁੱਦ ਕਿਸੇ ਦੀ ਬਣਾਈ ਹੋਈ ਹੈ, ਜਾਗੋ ਤੇ ਸਿੱਧਾ ਕਰਤੇ ਦੀ ਪੂਜਾ ਕਰੋ, ਕ੍ਰਿਤ ਦੀ ਨਹੀ। (Worship Creator not the Creation).

----◈-----


## ਜਦੋਂ ਬਾਬਾ ਨਮਾਜ ਪੜਨ ਮਸੀਤ ਗਇਆ

(1506-7 ਈ.)

ਬਾਬੇ ਦੇ ਪ੍ਰਗਟ ਹੋਣ ਦੀ ਗੱਲ ਨਵਾਬ ਤੱਕ ਪਹੁੰਚੀ ਅਤੇ ਇਹ ਗੱਲ ਵੀ ਫੈਲ ਗਈ ਕਿ ਬਾਬਾ ਨਾਨਕ ਇਹ ਨਾਹਰਾ ਵੀ ਮਾਰ ਰਿਹਾ ਹੈ:

'ਨ ਕੋ ਹਿੰਦੂ ਨ ਮੁਸਲਮਾਨ'

ਇਹ ਨਾਹਰਾ ਕੱਟੜ ਮੁਸਲਮਾਨਾਂ ਨੂੰ ਬਹੁਤ ਚੁੱਭ ਰਿਹਾ ਸੀ। ਅਜੇ 7 ਸਾਲ ਪਹਿਲਾਂ ਹੀ ਯੂ.ਪੀ ਦੇ ਜੋਧਨ ਨਾਂ ਦੇ ਬ੍ਰਾਹਮਣ ਨੂੰ ਦਿੱਲੀ ਸੁਲਤਾਨ ਨੇ ਮੌਤ ਦੇ ਘਾਟ ਉਤਾਰ ਦਿਤਾ ਸੀ ਜਿਸ ਨੇ

ਨਵਾਬ ਦੇ ਦਰਬਾਰ ਦੇ ਲਾਗੇ ਹੀ 550 ਸਾਲ ਪੁਰਾਣੀ ਮਸੀਤ ਹੈ। ਇਸ ਵਿਚ ਲੱਗੇ ਸਿਲਲੇਖ 'ਤੇ ਫਾਰਸੀ ਦੀ ਸ਼ਾਇਰੀ ਵਿਚ ਮਸੀਤ ਦੀ ਤਾਰੀਫ ਹੈ। ਪਰ ਯਾਦ ਰਹੇ ਗੁਰੂ ਸਾਹਿਬ ਦੀ ਜਿਹੜੀ ਨਮਾਜ ਵਾਲੀ ਸਾਖੀ ਹੈ ਉਹ ਇਸ ਮਸੀਤ ਦੀ ਨਹੀ। ਉਹ ਈਦਗਾਹ ਕਿਲੇ ਤੋਂ ਬਾਹਰ ਸੀ।

ਨਾਹਰਾ ਮਾਰਿਆ ਸੀ ਕਿ

"ਇਸਲਾਮ ਵੀ ਠੀਕ ਪਰ ਹਿੰਦੂਮਤ ਵੀ ਮਾੜਾ ਨਹੀ"

ਦੌਲਤ ਖਾਂ ਲੋਧੀ ਨੇ ਹੁਕਮ ਕੀਤਾ ਕਿ ਨਾਨਕ ਨੂੰ ਕਹੋ ਪੇਸ਼ ਹੋਵੇ। ਗੁਰੂ ਨਾਨਕ ਨੂੰ ਜਿਵੇ ਜਾ ਕੇ ਕਿਹਾ ਗਇਆ ਕਿ ਨਵਾਬ ਤੁਹਾਨੂੰ ਸੱਦਦਾ ਹੈ ਤਾਂ ਗੁਰੂ ਸਾਹਿਬ ਨੇ ਸੁਨੇਹਾ ਲਿਆਉਣ ਵਾਲੇ ਨੂੰ ਕਹਿ ਦਿੱਤਾ ਕਿ ਨਵਾਬ ਨੂੰ ਕਹਿ ਦਿਓ ਨਾਨਕ ਹੁਣ ਤੁਹਾਡਾ ਮੁਲਾਜਮ ਨਹੀ ਰਿਹਾ।

ਏਲਚੀ ਨੇ ਇਵੇਂ ਹੀ ਜਾ ਨਵਾਬ ਨੂੰ ਸੁਨੇਹਾ ਦੇ ਦਿੱਤਾ। ਨਵਾਬ ਨੇ ਕਿਹਾ ਕਿ ਨਾਨਕ ਨੂੰ ਪਹਿਲਾਂ ਹਲੀਮੀ ਨਾਲ ਕਹਿਣਾ ਕਿ ਨਵਾਬ ਤੁਹਾਡੇ ਦਰਸ਼ਨ ਕਰਨਾਂ ਚਾਹੁੰਦਾ ਜੇ ਨਾਂ ਆਵੇ ਤਾਂ ਬੰਨ ਕੇ ਲੈ ਆਉਣਾ।

ਗੁਰੂ ਸਾਹਿਬ ਨੂੰ ਜਿਵੇ ਕਿਹਾ ਕਿ ਨਵਾਬ ਤੁਹਾਡੇ ਦਰਸ਼ਨ ਚਾਹੁੰਦਾ ਹੈ ਤਾਂ ਗੁਰੂ ਸਾਹਿਬ ਚਲ ਪਏ ਤੇ ਨਾਲ ਹੀ ਏਲਚੀ ਨੂੰ ਕਹਿਣ ਲੱਗੇ ਭਾਈ ਤੂੰ ਸਾਨੂੰ ਬੰਨ ਵੀ ਲੈ । ਏਲਚੀ ਨੇ ਬੰਨ ਕੇ ਲਿਜਾਣ ਤੋਂ ਇਨਕਾਰ ਕਰ ਦਿੱਤਾ।

ਵੀਰਵਾਰ ਦਾ ਦਿਨ ਸੀ। ਨਵਾਬ ਦੇ ਜਿਵੇ ਪੇਸ਼ ਹੋਏ ਤਾਂ ਕੁਦਰਤੀ ਓਥੇ ਕਾਜੀ ਤੇ ਮੁੱਲਾਂ ਵੀ ਹਾਜਰ ਸਨ ਤੇ ਨਵਾਬ ਨੂੰ ਸ਼ਹਿਰ ਦੀ ਮਸੀਤ ਵਿੱਚ ਜੁੰਮੇ ਦੀ ਨਮਾਜ ਪੜਨ ਲਈ ਲੈਣ ਵਾਸਤੇ ਹਾਜਰ ਹੋਏ ਪਏ ਸਨ। ਗੁਰੂ ਸਾਹਿਬ ਨੂੰ ਜਿਵੇ ਨਵਾਬ ਨੇ ਵੇਖਿਆ ਤੇ ਫਰਮਾਇਆ ਕਿ

"ਸ਼ੁਕਰ ਹੈ ਖੁਦਾ ਦਾ ਨਾਨਕ ਤੂੰ ਸਹੀ ਸਲਾਮਤ ਹੈ। ਅਫਵਾਹ ਬਹੁਤ ਮਾੜੀ ਸੀ। ਅਸੀ ਤੈਨੂੰ ਲੱਭਣ ਵਾਸਤੇ ਤਾਂ ਟੋਭੇ ਤੱਕ ਲਾਏ ਹੋਏ ਸਨ। "

ਓਦੋ ਗੁਰੂ ਸਾਹਿਬ ਦੇ ਤੇੜ ਸਿਰਫ ਲੰਗੋਟ ਸੀ। ਦਰਬਾਰ ਵਿੱਚ ਹਰ ਕਿਸੇ ਨੂੰ ਬੁਰਾ ਲੱਗ ਰਿਹਾ ਸੀ। ਬਾਦਸ਼ਾਹ ਨੇ ਵੀ ਸਾਹਿਬ ਨੂੰ ਕਿਹਾ ਕਿ ਨਾਨਕ ਕੋਈ ਕਪੜਾ ਪਹਿਨੋ, ਕੋਈ ਕੋਪੀਨ, ਕੋਈ

ਕਮਰਬੰਦ ਹੋਵੇ। ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ:

**ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**

ਖੈਰ ਦਰਬਾਰੀਆਂ ਜਦੋਂ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਕਮਰਬੰਦ ਪਹਿਨ ਲਿਆ। ਚਾਦਰ ਬੰਨ ਲਈ।

ਮੁੱਲਾਂ ਨੇ ਮੌਕਾ ਵੇਖ ਕੇ ਬਾਬਾ ਨਾਨਕ ਨੂੰ ਕਿਹਾ:

"ਨਾਨਕ ਸੁਣਿਐ ਤੂੰ ਕਹਿ ਰਿਹਾ ਸੀ ਕਿ ਇਥੇ ਕੋਈ ਮੁਸਲਮਾਨ ਨਹੀ। ਨਾਂ ਹੀ ਹਿੰਦੂ ਹੈ। ਕੀ ਨਵਾਬ ਦਾ ਰਾਜ ਇਸਲਾਮੀ ਸ਼ਾਹ ਦੇ ਮੁਤਾਬਿਕ ਨਹੀ ਹੈ? ਕੀ ਤੈਨੂੰ ਅਸੀ ਮੁਸਲਮਾਨ ਨਜ਼ਰ ਨਹੀ ਆਉਦੇ?"



ਗੁਰਦੁਆਰਾ ਨਮਾਜਗਾਹ - ਉਹ ਮਸੀਤ ਜਿਥੇ ਗੁਰੂ ਸਾਹਿਬ ਨੇ ਨਮਾਜ ਵਾਲਾ ਕੌਤਕ ਕੀਤਾ। ਤਸਵੀਰ 1969 ਦੀ ਹੈ। ਓਦੋਂ ਮਸੀਤ ਅਜੇ ਕਾਇਮ ਸੀ ਹਾਲਾ ਗੁੰਬਦ ਢੱਠ ਚੁੱਕਾ ਸੀ। ਜਰੂਰਤ ਸੀ ਉਸ ਇਤਹਾਸਕ ਸਬੂਤ ਨੂੰ ਕਾਇਮ ਰੱਖਣ ਦੀ। ਪਰ ਕਾਰ ਸੇਵਾ ਵਾਲਿਆਂ ਕੁਝ ਨਾਂ ਸਾਂਭਿਆ।

ਗੁਰੂ ਸਾਹਿਬ ਨੇ ਫਰਮਾਇਆ ਕਾਹਦੇ ਮੁਸਲਮਾਨ ਹੋ ਤੁਸੀ? ਤੁਹਾਨੂੰ ਤਾਂ ਮਜ਼੍ਹਬ ਦੇ ਨੇਮਾਂ ਤੇ ਚਲਣਾ ਹੀ ਨਾਂ ਆਇਆ:-

**ਸਲੋਕੁ ਮਃ ੧ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥**

ਉਥੇ ਮੌਜੂਦ ਇੱਕ ਹਿੰਦੂ ਦਰਬਾਰੀ 'ਨਿੱਧਾ' ਜਾਤ ਬ੍ਰਾਹਮਣ ਨੇ ਨਵਾਬ ਨੂੰ ਕਿਹਾ ਜਨਾਬ ਨਾਨਕ ਹਿੱਲ ਗਇਆ ਹੈ। ਛੱਡੋ ਇਹ ਬਹਿਸ ਮੁਬਾਹਿਸਾ, ਤੁਸੀ ਮਸੀਤ ਪਹੁੰਚੋ। ਓਥੇ ਸਭ ਮੋਮਨ ਜਮਾਤ ਤੁਹਾਡੀ ਇੰਤਜਾਰ ਕਰ ਰਹੀ ਹੈ। ਕਾਜੀ ਨੇ ਹਾਮੀ ਭਰੀ ਕਿ ਸਾਨੂੰ ਮਸੀਤ ਪਹੁੰਚਣਾ ਚਾਹੀਦਾ ਹੈ।

ਇਹੋ ਜਿਹੀਆਂ ਗੱਲਾਂ ਜਦੋਂ ਚਲ ਰਹੀਆਂ ਸਨ ਤਾਂ ਮੌਲਾਨੇ ਅੰਦਰੋ ਅੰਦਰੀ ਖੁਸ਼ ਸਨ ਕਿ ਬੰਦਾ ਫਸਦਾ ਜਾ ਰਿਹਾ ਹੈ। ਇਹੋ ਇਸਲਾਮ ਵਿਚ ਦਾਖਲੇ ਦੇ ਤੌਰ ਤਰੀਕੇ ਹੁੰਦੇ ਨੇ।

ਬਾਬੇ ਦੀ ਇਹ ਸ਼ਾਇਰੀ ਸੁਣ ਕੇ ਮੁੱਲਾਂ ਨੇ ਜਿੱਦ ਕਰ ਦਿੱਤੀ ਕਿ ਠੀਕ ਹੈ ਜੇ ਸਾਡੀ ਨਮਾਜ ਠੀਕ ਨਹੀ ਤਾਂ ਆ ਸਾਨੂੰ ਦੱਸ ਕਿ ਨਮਾਜ ਕਿਵੇ ਪੜਿਆ ਕਰੀਏ। ਹਾਰ ਕੇ ਨਵਾਬ ਨੇ ਵੀ ਕਹਿ ਹੀ ਦਿੱਤਾ ਕਿ ਚੱਲ ਨਾਨਕ ਸਾਡੇ ਨਾਲ। ਆਓ ਨਮਾਜ ਪੜੀਏ।

ਸਣੇ ਗੁਰੂ ਨਾਨਕ, ਜਿਵੇ ਸਾਰੇ ਜਣੇ ਕਿਲੇ ਤੋਂ ਬਾਹਰ ਨਿਕਲੇ ਤਾਂ ਖੁਸਰ ਫੁਸਰ ਸ਼ੁਰੂ ਹੋ ਗਈ। ਹਿੰਦੂਆਂ ਨੇ ਆਪਸ ਵਿੱਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਲਓ ਭੋਲੇ ਨਾਨਕ ਨੂੰ ਅਗਲਿਆਂ ਫਸਾ ਲਿਆ ਤੇ ਹੁਣ ਮੁਸਲਮਾਨ ਬਣਿਆ ਹੀ ਸਮਝੋ। ਗੱਲ ਬੇਬੇ ਜੀ ਤੇ ਭਾਈਆ ਜੀ ਤੱਕ ਵੀ ਪਹੁੰਚ ਗਈ। ਬੇਬੇ ਜੀ ਤਾਂ ਨਿਸਚਿੰਤ ਸਨ ਪਰ ਭਾਈਆਂ ਜੀ ਨੂੰ ਥੋੜੀ ਚਿੰਤਾ ਹੋਈ।

ਬਾਬਾ ਜੀ ਨਵਾਬ ਦੇ ਸਾਰੇ ਲਾਮ ਲਸ਼ਕਰ ਨਾਲ ਮਸੀਤ ਪਹੁੰਚ ਗਏ। ਮੌਲਾਣੇ ਨੇ ਬਾਂਗ ਦੇਣ ਉਪਰੰਤ ਸਭ ਮੋਮਨਾਂ ਨੂੰ ਸੁਚੇਤ ਕਰਦੇ ਹੋਏ ਜਦ ਕਾਬੇ ਵਲ ਨੂੰ ਮੂੰਹ ਕਰਵਾਇਆ ਤਾਂ ਬਾਬਾ ਨਾਨਕ ਆਪਣੀ ਮਸਤੀ ਵਿੱਚ ਜਿੱਥੇ ਖੜੇ ਸੀ ਓਥੇ ਹੀ ਖੜੇ ਰਹੇ। ਜਦੋਂ ਸਾਰਿਆ ਕਿਹਾ, "ਅਲਾਹ ਹੂ ਅਕਬਰ' ਤਾਂ ਬਾਬੇ ਨੇ ਵੀ ਕਹਿ ਦਿੱਤਾ। ਅਗਲਿਆਂ ਦੀ ਤਸੱਲੀ ਹੋ ਗਈ ਕਿ ਨਾਨਕ ਇਸਲਾਮ ਵਲ ਤੁਰ ਪਿਆ ਹੈ। ਫਿਰ ਜਿਵੇ ਜਿਵੇ ਮੌਲਾਣਾ ਨਮਾਜ ਪੜਾਉਦਾ ਗਇਆ ਬਾਕੀ ਵੀ ਸਭ ਪੜ੍ਹਦੇ ਗਏ। ਕਦੀ ਖਲੋਣ। ਕਦੀ ਬਹਿਣ। ਕਦੀ ਕੰਨਾਂ ਨੂੰ ਹੱਥ ਲਾਉਣ। ਬਾਬਾ ਨਾਨਕ ਮਸਤੀ 'ਚ ਖਲੋ ਕੇ ਸਭ ਵੇਖਦਾ ਰਿਹਾ।

ਨਮਾਜ ਮੁੱਕੀ। ਮੁੱਲਾਂ ਨੇ ਬਾਬੇ ਨੂੰ ਕਿਹਾ, "ਨਾਨਕ ਤੂੰ ਗੱਲਾਂ ਤਾਂ ਬੜੀਆ ਉੱਚੀਆਂ ਕਰਦਾ ਸੀ, ਫਿਰ ਸਾਡੇ ਨਾਲ ਨਮਾਜ ਕਿਓ ਨਹੀ ਪੜੀ? ਇਹ ਤਾਂ ਖੁਦਾ ਦੀ ਇਬਾਦਤ ਸੀ। ਅਸੀ ਕਿਹੜੀ ਗਲ ਗਲਤ ਕਹੀ?"

ਗੁਰੂ ਸਾਹਿਬ ਮੁਸਕ੍ਰਾਏ। ਇਸ ਤੇ ਮੁਲਾਂ ਨੂੰ ਬਹੁਤ ਗੁੱਸਾ ਆਇਆ।



ਗੁਰਦੁਆਰਾ ਨਮਾਜਗਾਹ ਬਣ ਗਇਆ ਗੁਰਦੁਆਰਾ ਅੰਤਰਯਾਤਮਾ ਸਾਹਿਬ

ਗੁਰੂ ਸਾਹਿਬ ਨੇ ਕਿਹਾ ਮੈਨੂੰ ਤਾਂ ਕੋਈ ਨਮਾਜ ਪੜ੍ਹਦਾ ਦਿਸਿਆ ਹੀ ਨਹੀ।

ਮੁੱਲਾਂ ਝੱਟ ਬੋਲ ਉਠਿਆ, "ਕਿਓ ਤੈਨੂੰ ਮੈਂ ਨਮਾਜ ਪੜ੍ਹਦਾ ਨਜਰ ਨਾਂ ਆਇਆ? ਜੇ ਨਮਾਜ ਨਹੀ ਸੀ ਤੇ ਕੀ ਮੈਂ ਆਰਤੀ (ਹਿੰਦੂਆਂ

ਦੀ) ਕਰ ਰਿਹਾ ਸੀ?"

ਗੁਰੂ ਸਾਹਿਬ ਨੇ ਫਰਮਾਇਆ "ਮੌਲਾਣਾ ਜੀ ਤੁਸੀ ਕਦੋਂ ਨਮਾਜ ਪੜ੍ਹੀ ? ਤੁਹਾਨੂੰ ਤਾਂ ਆਪਣੀ ਘੋੜੀ ਦੀ ਵਛੇਰੀ ਦੀ ਫਿਕਰ ਪਈ ਹੋਈ ਸੀ। ਕਿ ਹਾਏ ਅੱਲਾਹ ਅੱਜ ਹੀ ਘੋੜੀ ਸੂਈ ਹੈ। ਵਛੇਰੀ ਬੰਨੀ ਨਹੀ। ਘਰ ਵਿੱਚ ਖੂਹੀ ਹੈ ਕਿਤੇ ਵਛੇਰੀ ਖੂਹ ਵਿੱਚ ਨਾਂ ਡਿੱਗ ਪਵੇ।"

ਮੁੱਲਾਂ ਦੇ ਤਾਂ ਪੈਰਾਂ ਥੱਲਿਓਂ ਜਿਵੇ ਜਮੀਨ ਹੀ ਨਿਕਲ ਗਈ ਹੋਵੇ। ਬੋਲ ਉਠਿਆ, "ਨਾਨਕ ਤੂੰ ਮੋਦੀ ਨਹੀ। ਤੂੰ ਖੁਦਾ ਦਾ ਬੰਦਾ ਏ। ਤੂੰ ਤਾਂ ਕੋਈ ਗੌਂਸ ਪਾਕ ਹੈ।"

ਨਵਾਬ ਨੇ ਕਿਹਾ ਨਾਨਕ ਜੇ ਮੌਲਾਣੇ ਦੀ ਸੁਰਤ ਨਮਾਜ ਵਿਚ ਨਹੀ ਸੀ ਤਾਂ ਤੂੰ ਮੇਰੇ ਮਗਰ ਹੀ ਨਮਾਜ ਪੜ੍ਹ ਲੈਂਦਾ?

ਗੁਰੂ ਸਾਹਿਬ ਨੇ ਕਿਹਾ ਨਵਾਬ ਸਾਹਿਬ ਮੈਂ ਤਾਂ ਤੁਹਾਡੇ ਨਾਲ ਸੀ। ਜਦੋਂ ਤੁਸੀ ਅਰਬ ਦੇਸ ਵਿੱਚ ਘੋੜੇ ਖਰੀਦ ਰਹੇ ਸੀ। ਖੁਦਾ ਵਲ ਧਿਆਨ ਤਾਂ ਤੁਹਾਡਾ ਗਇਆ ਹੀ ਨਹੀ। ਨਵਾਬ ਸਭ ਦੇ ਸਾਹਮਣੇ ਸ਼ਰਮਸਾਰ ਸੀ। ਕਿਹਾ ਜਾਂਦਾ ਹੈ ਕਿ ਸਭ ਦੇ ਸਾਹਮਣੇ ਨਵਾਬ ਬਾਬਾ ਜੀ ਤੇ ਪੈਰਾਂ ਤੇ ਢਹਿ ਪਿਆ। ਉਨ੍ਹੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਨਾਨਕ ਜਾਣੀ ਜਾਣ ਹੈ। ਖੁਦਾ ਦਾ ਬੰਦਾ ਹੈ। ਉਹ ਤਾਂ ਮੌਲਾਣਿਆ ਦੇ ਕਹੇ ਕਹਾਏ ਜਿੱਦ ਵਿੱਚ ਆ ਕੇ ਬਾਬੇ ਨੂੰ ਨਮਾਜ ਪੜ੍ਹਾਉਣ ਲੈ ਗਇਆ ਸੀ।

ਓਦੋ ਹੀ ਫਿਰ ਵਿੱਚੋਂ ਕਿਸੇ ਨੇ ਕਹਿ ਦਿੱਤਾ ਕਿ ਨਾਨਕ ਹੁਣ ਤੁਸੀ ਹੀ ਦੱਸ ਦਿਓ ਕਿ ਨਮਾਜ ਕਿਸ ਤਰਾਂ ਪੜ੍ਹੀਏ। ਗੁਰੂ ਸਾਹਿਬ ਨੇ ਓਦੋਂ ਸ਼ਬਦ ਉਚਾਰਿਆ:

ਸਲੋਕੁ ਮਃ ੧ ॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ ਮਃ ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ ਮਃ ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥ ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥ ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥

ਕਿ ਨਮਾਜ ਇਹ ਹੋਣੀ ਚਾਹੀਦੀ ਹੈ ਕਿ ਦਿੱਲ ਵਿਚ ਹਮੇਸ਼ਾਂ ਰੱਬ ਦੇ ਜੀਆਂ ਲਈ ਦਿਆ ਹੋਵੇ, ਹੱਕ ਦੀ ਗੱਲ ਹੋਵੇ, ਇਨਸਾਨ ਨੇਕ ਕਰਣੀ ਤੇ ਕਿਰਤ ਦੀ ਕਦਰ ਕਰਦਾ ਹੋਵੇ, ਪਰਾਇਆ ਹੱਕ ਨਾਂ ਖਾਂਦਾ ਹੋਵੇ, ਸੱਚਾ ਚਾਲ ਚਲਣ ਹੋਵੇ, ਰੱਬ ਦਾ ਡਰ ਹਮੇਸ਼ਾ ਦਿੱਲ ਵਿਚ ਹੋਵੇ।

✚ ਜਿਥੇ ਗੁਰੂ ਸਾਹਿਬ ਨੇ ਨਮਾਜ ਪੜੀ ਸੀ ਉਸ ਮਸੀਤ ਨੂੰ ਨਮਾਜਗਾਹ ਕਿਹਾ ਜਾਂਦਾ ਸੀ। ਕੁਦਰਤੀ ਇਸ ਮਸੀਤ ਤੇ 1947 ਵੇਲੇ ਕਬਜਾ ਬਕਾਇਦਾ ਮੁਸਲਮਾਨਾਂ ਦਾ ਸੀ। ਫਿਰ ਵੀ ਮਸੀਤ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਮੰਜੀ ਸਾਹਿਬ (ਥੜ੍ਹਾ) ਬਣਿਆ ਹੋਇਆ ਸੀ।

ਬਦਕਿਸਮਤੀ ਨਾਲ ਬਾਦ ਵਿੱਚ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਨੇ ਉਸ ਮਸੀਤ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਤੇ ਮੰਜੀ ਸਾਹਿਬ ਵੀ ਗਾਇਬ ਕਰ ਦਿੱਤਾ। ਨਮਾਜਗਾਹ ਦਾ ਨਾਮ ਹੁਣ ਉਨਾਂ ਗੁਰਦਵਾਰਾ ਅੰਤਰਯਾਤਮਾ ਰੱਖ ਦਿੱਤਾ ਹੈ। ਇਹ ਸਿੱਖ ਪੰਥ ਦਾ ਨਾਂ ਪੂਰਾ ਹੋਣ ਵਾਲਾ ਨੁਕਸਾਨ ਕੀਤਾ ਇਸ ਕਾਰ ਸੇਵਾ ਵਾਲੇ ਨੇ।

ਗੁਰੂ ਸਾਹਿਬ ਨੇ ਨਵਾਬ ਦੀ ਨੌਕਰੀ ਤਾਂ ਹਾਲਾਂ ਛੱਡ ਦਿੱਤੀ ਸੀ ਪਰ ਨਵਾਬ ਤੇ ਗੁਰੂ ਸਾਹਿਬ ਦਰਮਿਆਨ ਸਬੰਧ ਮੁਰੀਦ-ਮੁਰਸ਼ਦ ਵਾਲੇ ਬਣ ਗਏ ਸਨ। ਪੂਰਬ ਦੀਆਂ ਉਦਾਸੀਆਂ ਉਪਰੰਤ ਵੀ ਗੁਰੂ ਸਾਹਿਬ ਨਵਾਬ ਨੂੰ ਆਪ ਜਾ ਕੇ ਮਿਲੇ ਸਨ।

ਗੁਰੂ ਸਾਹਿਬ ਨੇ ਸੰਮਤ 1564 ਵਿਚ ਮੋਦੀਖਾਨਾ ਤਿਆਗਿਆ। ਕੁਝ ਮਹੀਨੇ ਸੁਲਤਾਨਪੁਰ ਹੀ ਰਹੇ ਤੇ ਫਿਰ ਮਰਦਾਨੇ ਨਾਲ ਇਥੋਂ ਰਵਾਨਾ ਹੋ ਗਏ।

----◈-----

## ਮੋਦੀਖਾਨਾ ਛੱਡਣ ਦੀ ਖਬਰ ਸੁਣ ਪਿਤਾ ਦੌੜਾ ਆਇਆ

ਗੁਰੂ ਸਾਹਿਬ ਦੇ ਘਰ ਵਿੱਚ ਪ੍ਰਵਾਰ ਸਾਰਾ ਇਕੱਠਾ ਬੈਠਾ ਸੀ। ਮਤਲਬ ਮਾਤਾ ਸੁਲੱਖਣੀ ਦੋਨੋਂ ਸਾਹਿਬਜਾਦੇ ਸਣੇ ਭਾਈਆ ਜੈਰਾਮ ਤੇ ਭੈਣ ਨਾਨਕੀ ਜੀ। ਭੈਣ ਤੇ ਭਣਵੱਈਏ ਨੇ ਸਤਿਕਾਰ ਪੂਰਬਕ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਮੋਦੀਖਾਨਾ ਸੰਭਾਲੋ ਤੇ ਆਪਣੀ ਗ੍ਰਿਸਤ ਪਾਲੋ। ਗੁਰੂ ਸਾਹਿਬ ਨੇ ਭਾਈਆ ਜੀ ਨੂੰ ਕਿਹਾ ਕਿ ਮੇਰਾ ਪ੍ਰਵਾਰ ਤੁਸੀ ਸੰਭਾਲੋ। ਤੁਹਾਨੂੰ ਮਾਇਆ ਦੀ ਤੋਟ ਨਹੀ ਆਏਗੀ। ਗੱਲ ਨੂੰ ਸਮਝੋ ਕਿ ਮੈਨੂੰ ਨਿਰੰਕਾਰ ਦਾ ਜੋ ਹੁਕਮ ਹੈ ਉਸ ਮੁਤਾਬਿਕ ਮੈਂ ਪੂਰਾ ਸਮਾਂ ਲੋਕ ਕਲਿਆਣ ਵਾਸਤੇ ਲਾਉਣ ਜਾ ਰਿਹਾ ਹਾਂ। ਜਿਵੇ ਵੱਖ ਵੱਖ ਜੀਵਾਂ ਨੂੰ ਰੱਬ ਨੇ ਵੱਖ ਵੱਖ ਆਹਰੇ ਲਾਇਆ ਹੈ ਨਿਰੰਕਾਰ ਨੇ ਮੈਨੂੰ ਧਰਮ ਦੇ ਕੰਮ ਲਈ ਚੁਣਿਆ ਹੈ।

ਪੈੜ ਸਫ਼ਾ

⊙ ਨਾਲੇ ਵੇਖੋ - Connecting Dots in Sikh History - Harbans Singh Noor:18

1499 ਈ. ਵਿੱਚ ਯੂ.ਪੀ ਦੇ ਯੋਧਨ ਨਾਮ ਦੇ ਬ੍ਰਾਹਮਣ ਦੀ ਹੱਤਿਆ ਦਾ ਹੁਕਮ ਸਿਕੰਦਰ ਲੋਧੀ ਨੇ ਦਿੱਤਾ ਸੀ ਜਿਸ ਯੋਧਨ ਨੇ ਇਹ ਕਿਹਾ ਸੀ ਕਿ ਇਸਲਾਮ ਵੀ ਠੀਕ ਤੇ ਹਿੰਦੂ ਧਰਮ ਵੀ ਠੀਕ ਹੈ। ਇਸ ਬਿਆਨ ਤੇ ਸਮੁੱਚੀ ਮੌਲਾਣਾ ਬਰਾਦਰੀ ਬੁਖਲਾਅ ਉਠੀ ਸੀ ਕਿ ਪੱਥਰਾਂ ਦੀ ਪੂਜਾ ਕਰਨ ਵਾਲਾ ਹਿੰਦੂ ਧਰਮ ਕਿਵੇ ਸੱਚਾ ਹੋ ਗਿਆ। ਓਦੋਂ ਇਸਲਾਮ ਦੇ ਵੱਡੇ ਵੱਡੇ ਵਿਦਵਾਨਾਂ ਨੇ ਯੋਧਨ ਦੇ ਬਿਆਨ ਤੇ ਆਪਣੀ ਰਾਇ ਦਿੱਤੀ ਸੀ ਤੇ ਅਖੀਰ ਸੁਲਤਾਨ ਦੇ ਹੁਕਮ ਨਾਲ ਉਨ੍ਹੂੰ ਕਤਲ ਕਰ ਦਿੱਤਾ ਗਇਆ ਕਿਉਕਿ ਉਸ ਨੇ ਮੁਸਲਮਾਨ ਬਣਨ ਤੋਂ ਨਾਂਹ ਕਰ ਦਿੱਤੀ ਸੀ।

ਇਹ ਖਬਰ ਹੌਲੀ ਹੌਲੀ ਸਾਰੇ ਭਾਰਤ ਵਿੱਚ ਫੈਲ ਗਈ ਸੀ। ਕਿਉਕਿ ਵੱਡੀ ਬਹਿਸ ਤੋਂ ਬਾਦ ਹੀ ਉਨ੍ਹੂੰ ਕਤਲ ਕੀਤਾ ਗਇਆ ਸੀ। ਯੋਧਨ ਨੇ ਤਾਂ ਕਿਹਾ ਸੀ ਕਿ ਦੋਵੇ ਮਜ੍ਹਬ ਸੱਚੇ ਨੇ ਤੇ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਮੈਨੂੰ ਤਾਂ ਕਿਤੇ ਕੋਈ ਮੁਸਲਮਾਨ ਜਾਂ ਸੱਚਾ ਹਿੰਦੂ ਨਜਰ ਨਹੀ ਆਉਦਾ: "ਨ ਕੋ ਹਿੰਦੂ ਨ ਮੁਸਲਮਾਨ"।

ਮੌਲਵੀਆਂ ਗੁਰੂ ਸਾਹਿਬ ਦੇ ਇਸ ਬਿਆਨ ਨੂੰ ਵੀ ਝੰਡੇ ਤੇ ਚੜਾਉਣਾ ਚਾਹਿਆ। ਪਰ ਮਸੀਤ ਵਿੱਚ ਨਮਾਜ ਪੜ੍ਹਨ ਵਾਲੀ ਘਟਨਾ ਨੇ ਗੁਰੂ ਸਾਹਿਬ ਨੂੰ ਸੱਚ ਸਾਬਤ ਕਰ ਦਿੱਤਾ ਤੇ ਸਣੇ ਨਵਾਬ ਸਭ ਸ਼ਰਮਿੰਦੇ ਹੋਏ ਸਨ।

✚ ਸਾਈਕਲ ਯਾਤਰੀ- 298 ਅਨੁਸਾਰ

ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥

ਭਾਵ ਨਾਨਕ ਨੇ ਐਲਾਨ ਕਰ ਦਿੱਤਾ ਕਿ ਨਿਰੰਕਾਰ ਨੇ ਉਨਾਂ ਨੂੰ ਧਰਮ ਦੇ ਕਾਰਜ ਲਈ ਚੁੱਣ ਲਿਆ ਹੈ ਤੇ ਖਿਲਅਤ ਭਾਵ ਸਿਰੋਪਾ ਬਖਸ਼ ਦਿੱਤਾ ਹੈ। ਬਾਬੇ ਨੇ ਕਿਹਾ ਕਿ ਵੇਈ ਪ੍ਰਵੇਸ਼ ਦੌਰਾਨ ਉਨਾਂ ਦਾ ਨਿਰੰਕਾਰ ਨਾਲ ਮੇਲ ਹੋ ਚੁੱਕਾ ਹੈ ਤੇ ਨਿਰੰਕਾਰ ਨੇ ਬਾਬੇ ਨੂੰ ਸਿਫਤ ਸਾਲਾਹ (ਨਾਮ) ਦੀ ਦਾਤ ਬਖਸ਼ ਦਿੱਤੀ ਹੈ ਜੋ ਮੈਂ ਦੁਨੀਆਂ ਵਿੱਚ ਵੰਡਾਂਗਾ।

ਨੌਕਰੀ ਛੱਡਣ ਵਾਲੀ ਖਬਰ ਤਲਵੰਡੀ ਪਿਤਾ ਕੋਲ ਵੀ ਪਹੁੰਚ ਗਈ ਤੇ ਉਹ ਵੀ ਸੁਲਤਾਨਪੁਰ ਪਹੁੰਚ ਗਇਆ ਕਿ ਨਾਨਕ ਨੂੰ ਡਾਟ ਮਾਰਦਾ ਹਾਂ ਕਿ ਸ਼ਾਇਦ ਦੁਬਾਰਾ ਕੰਮ ਤੇ ਮੁੜ ਜਾਵੇ।

ਗੁਰੂ ਸਾਹਿਬ ਦੀ ਦਲੀਲ ਸੁਣ ਪਿਤਾ ਕਾਲੂ ਤਲਖੀ ਵਿੱਚ ਜਿਵੇ ਆਉਣ ਲੱਗੇ ਭਾਈਆ ਜੈਰਾਮ ਨੇ ਮਹਿਤਾ ਕਾਲੂ ਨੂੰ ਸਮਝਾਇਆ ਕਿ :

"ਤੁਸੀ ਭਾਗਾਂ ਵਾਲੇ ਹੋ ਤੁਹਾਡੇ ਘਰ ਵਿੱਚ ਪੈਗੰਬਰ ਦਾ ਜਨਮ ਹੋਇਆ ਹੈ। ਨਾਨਕ ਬਹੁਤ ਉੱਚ ਕੋਟੀ ਦਾ ਅਵਤਾਰ ਹੈ। ਇਥੇ ਨਵਾਬ ਜੀ ਨੇ ਕਈ ਵਾਰੀ ਬਾਬਾ ਜੀ ਦੀ ਗੱਲ ਕਈ ਆਉਲੀਆਂ ਤੇ ਪੰਡਤਾਂ ਨਾਲ ਚਲਵਾਈ ਹੈ। ਹਰ ਕੋਈ ਅੰਤ ਵਿੱਚ ਨਾਨਕ ਅੱਗੇ ਗੋਡੇ ਟੇਕ ਦਿੰਦਾ ਹੈ। ਬਾਬਾ ਜੀ ਨੂੰ ਧਰਮ ਦਾ ਕੰਮ ਕਰਨ ਦਿਓ। ਇਸ ਵਿੱਚ ਰੁਕਾਵਟ ਨਾਂ ਪਾਓ। ਕਿਤੇ ਤੁਹਾਨੂੰ ਕੋਈ ਸਰਾਪ ਨਾਂ ਲੱਗ ਜਾਏ। ਸਿਰਫ ਅਸੀ ਦੋਹਾਂ ਜੀਆਂ ਹੀ ਨਹੀ ਸਾਰੇ ਸੁਲਤਾਨ ਪੁਰ ਨੇ ਬਾਬਾ ਜੀ ਦੀਆਂ ਕਰਾਮਾਤਾਂ ਵੇਖੀਆਂ ਹਨ। "

"ਵੇਈਂ ਵਿੱਚੋਂ ਦੁਬਾਰਾ ਪ੍ਰਗਟ ਹੋ ਕੇ ਬਾਬੇ ਨੇ ਲੋਕਾਈ ਨੂੰ "ੴ ਸਤਿਨਾਮ...... ਗੁਰਪ੍ਰਸਾਦਿ" ਅਤੇ "ਆਦਿ ਸਚੁ ਜੁਗਾਦਿ ਸਚੁ" ਦਾ ਜੋ ਉਪਦੇਸ਼ ਦਿੱਤਾ ਹੈ ਉਹ ਤਾਂ ਸੁਲਤਾਨਪੁਰ ਘਰ ਘਰ ਪਹੁੰਚ ਗਇਆ ਹੈ। ਬਾਬਾ ਜੀ ਦੇ ਨੇਕ ਕੰਮ ਵਿੱਚ ਰੁਕਾਵਟ ਪਾ ਕੇ ਮਹਿਤਾ ਜੀ ਤੁਸੀ ਪਾਪਾਂ ਦੇ ਭਾਗੀ ਨਾਂ ਬਣੋ। "

"ਜਿਥੋਂ ਤਕ ਸ੍ਰੀਚੰਦ ਅਤੇ ਲਖਮੀ ਦਾਸ ਬੱਚਿਆਂ ਦਾ ਸਬੰਧ ਹੈ ਉਨਾਂ ਨੂੰ ਅਸੀ ਪਾਲਾਂਗੇ। "

ਧੀ-ਜਵਾਈ ਦੀਆਂ ਗੱਲਾਂ ਸੁਣ ਕੇ ਮਹਿਤਾ ਕਾਲੂ ਵੀ ਚੁੱਪ ਹੋ ਗਏ ਅਤੇ ਅਗਲੇ ਦਿਨ ਮਹਿਤਾ ਕਾਲੂ ਤਲਵੰਡੀ ਪਰਤ ਆਏ।

ਸੁਲਤਾਨਪੁਰ ਵਿਚ ਹਰ ਥਾਂ ਬਾਬਾ ਨਾਨਕ ਬਾਬਾ ਨਾਨਕ ਹੋ ਰਿਹਾ ਸੀ।

----◈-----

## ਬਾਬੇ ਨੇ ਸਾਧੂ ਫਕੀਰਾਂ ਵਾਲਾ ਭੇਸ ਕਿਓ ਧਾਰਨ ਕੀਤਾ?

ਪਿਛੇ ਜਿਵੇ ਸਾਖੀ ਵਿੱਚ ਆਇਆ ਹੈ ਕਿ ਮੋਦੀ ਖਾਨੇ ਦੇ ਹਿਸਾਬ ਦਾ ਔਡਿਟ (ਹਿਸਾਬ ਦੀ ਪੜਤਾਲ) ਹੋਈ ਤਾਂ ਬਾਬੇ ਦੇ 760 ਰੁਪਏ (ਅੱਜ ਦੇ ਹਿਸਾਬ 2, 88800 ਰੁਪਏ) ਵਧੇ ਸਨ ਤੇ ਬਾਬੇ ਨੇ ਕਹਿ ਦਿੱਤਾ ਮੈਨੂੰ ਇਹ ਪੈਸੇ ਨਹੀ ਚਾਹੀਦੇ ਇਹ ਸਾਧੂ, ਫਕੀਰਾਂ, ਗਰੀਬਾਂ ਵਿੱਚ ਵੰਡ ਦਿੱਤੇ ਜਾਣ। ਤੇ ਬਾਬੇ ਨੇ ਮੋਦੀਖਾਨਾ ਵੀ ਵਾਪਸ ਨਵਾਬ ਦੇ ਸਪੁਰਦ ਕਰ ਦਿੱਤਾ ਸੀ।

ਬਾਬੇ ਨੇ ਫਕੀਰਾਂ ਵਾਲਾ ਲਿਬਾਸ ਪਾ ਲਿਆ ਤੇ ਸਾਰਾ ਦਿਨ ਸਾਧਾਂ ਫਕੀਰਾਂ ਨਾਲ ਰਿਹਾ ਕਰਨ। ਬਾਬੇ ਨੇ ਸਾਧੂਆਂ ਜਾਂ ਫਕੀਰਾਂ ਦੀ ਕਿਸੇ ਖਾਸ ਸੰਪਰਦਾਇ ਜਾਂ ਸਿਲਸਿਲੇ ਤੋਂ ਦਖਣਾ ਤਾਂ ਲਈ ਨਹੀ ਸੀ ਇਸ ਕਰਕੇ ਇਨਾਂ ਨੇ ਭੇਸ ਵੀ ਅੱਧਾ ਹਿੰਦੂ ਸਾਧੂਆਂ ਵਾਲਾ ਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ ਬਣਾਇਆ। ਇਸ ਗੱਲ ਤੇ ਦੋਵਾਂ ਫਿਰਕੇ ਦੇ ਸਾਧਾਂ ਫਕੀਰਾਂ ਨੂੰ ਵੇਖ ਗੁੱਸਾ ਆ ਜਾਂਦਾ ਸੀ ਤੇ ਗੁਰੂ ਨਾਨਕ ਫਿਰ ਸੰਵਾਦ ਰਚ ਲੈਂਦੇ ਸੀ। ਗੱਲ ਬਾਤ ਸ਼ੁਰੂ ਕਰ ਦਿੰਦੇ ਸਨ। ਜਿਵੇ ਭਾਈ ਗੁਰਦਾਸ ਨੇ ਲਿਖਿਆ ਹੈ:

ਖਾਧੀ ਖੁਣਸ ਜੋਗੀਸ਼ਰਾਂ ਗੋਸਟ ਕਰਨ ਸਭੇ ਉਠ ਆਈ॥
ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੂੰਕੇ ਘਰ ਮੰਗਨ ਜਾਈ॥
ਬਿਨ ਦਿੱਤੇ ਕਿਛ ਹਥ ਨ ਆਈ ॥

ਸਾਧੂਆਂ ਵਾਲਾ ਭੇਖ ਬਣਾਉਣਾ ਇਸ ਕਰਕੇ ਜਰੂਰੀ ਸੀ ਕਿ ਗੁਰੂ ਸਾਹਿਬ ਬਿਹੰਗਮ ਹੋ ਚੁੱਕੇ ਸਨ ਤੇ ਰੋਜ ਮ ਰੋਜ ਯਾਤਰਾ ਸਫਰ ਤੇ ਰਹਿੰਦੇ ਸਨ। ਉਨੀ ਦਿਨੀ ਸਾਧੂ ਫਕੀਰਾਂ ਵਾਸਤੇ ਯਾਤਰਾ ਕਰਨੀ ਸੌਖੀ ਸੀ, ਪਰ ਗ੍ਰਿਸਤੀ ਬੰਦੇ ਵਾਸਤੇ ਮੁਸ਼ਕਲ। ਗ੍ਰਿਸਤੀ ਅਕਸਰ ਲੁੱਟਿਆ ਜਾਂਦਾ ਸੀ। ਸਾਧੂ ਫਕੀਰ ਆਪਣੇ ਕੋਲ ਕੋਈ ਕੀਮਤੀ ਵਸਤੂ ਨਹੀ ਸਨ ਰੱਖਦੇ। ਇਥੋਂ ਤਕ ਵੀ ਕਪੜੇ ਵੀ ਘੱਟ ਤੋਂ ਘੱਟ ਹੀ ਪਹਿਨਦੇ ਸਨ। ਸਾਧੂਆਂ ਬਾਬਤ ਕਹਾਵਤ ਮਸ਼ਹੂਰ ਸੀ: 'ਪੱਲੇ ਰਿਜ਼ਕ ਨਾਂ ਬੰਨਦੇ, ਪੰਛੀ ਤੇ ਦਰਵੇਸ਼।'

ਮਾਲਾ ਵੀ ਸਾਧੂਆਂ ਦੀ ਪਛਾਣ ਹੁੰਦੀ ਸੀ। ਪਰ ਗੁਰੂ ਸਾਹਿਬ ਦੀ ਤਾਂ ਨਿਰੰਕਾਰ ਨਾਲ ਮੁਹੱਬਤ ਸੀ। ਇਸ ਕਰਕੇ ਉਹ ਰੱਬ ਦਾ ਨਾਂ ਗਿਣ ਕੇ ਨਹੀ ਸਨ ਲੈਂਦੇ। ਉਂਜ ਹੋ ਸਕਦੈ ਸਾਧੂ ਪਹਿਰਾਵੇ ਦੇ ਤੌਰ ਤੇ ਗੁਰੂ ਸਾਹਿਬ ਨੇ ਮਾਲਾ ਵੀ ਕਦੀ ਗਲ ਵਿਚ ਪਾਈ ਹੋਵੇ। ਹੱਡਾਂ ਦੀ ਮਾਲਾ ਗੱਲ ਵਿੱਚ ਪਾਉਣ ਦਾ ਤਾਂ ਸਪੱਸ਼ਟ ਸਬੂਤ ਮਿਲਦਾ ਹੈ। ਇਹ ਤਾਂ ਹੋਰ ਵੀ ਖਿੱਚ ਦਾ ਕਾਰਨ ਬਣੀ ਹੋਵੇਗੀ।

ਕਦੀ ਗੁਰੂ ਸਾਹਿਬ ਦਾ ਅੱਧਾ ਪਹਿਰਾਵਾ ਹਿੰਦੂ ਸਾਧੂਆਂ ਵਾਲਾ ਹੁੰਦਾ ਅਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ ਹੁੰਦਾ। ਕਦੀ ਇਕ ਪੈਰ ਵਿਚ ਲੱਕੜ ਦੀ ਖੜਾਂ ਤੇ ਦੂਸਰੇ ਤੇ ਜੁੱਤੀ (ਪੰਜਾਬੀ ਜੁੱਤੀ ਭਾਵ ਖੋਸਾ। ਕਈ ਥਾਂਈ ਖੋਸੇ ਕੌਂਸ ਵੀ ਲਿਖਿਆ ਮਿਲਦਾ ਹੈ।) ਪਾ ਲੈਂਦੇ।

----◈-----

## ਸਹੁਰਾ ਲੈ ਆਇਆ ਓਜ਼ਾ ਪੰਡਤ, ਨਾਨਕ ਨੂੰ ਸਮਝਾਵਣ

ਗੁਰੂ ਸਾਹਿਬ ਦੇ ਸਹੁਰੇ ਨੂੰ ਪਤਾ ਚੱਲਿਆ ਸੀ ਕਿ ਪ੍ਰਾਹੁਣੇ ਨੇ ਮੋਦੀਖਾਨਾ ਤਿਆਗ ਦਿੱਤਾ ਹੈ ਤੇ ਸਾਧਾਂ ਫਕੀਰਾਂ ਨਾਲ ਵਕਤ ਬਿਤਾਉਦਾ ਹੈ ਤੇ ਘਰ ਗ੍ਰਿਸਤੀ ਦਾ ਉਨੂੰ ਕੋਈ ਫਿਕਰ ਨਹੀ।

ਮੂਲਾ ਸਮਝਦਾ ਸੀ ਕਿ ਜਿੰਨਾਂ ਨਾਨਕ ਸਿਆਣਾ ਹੈ ਜੇ ਕਿਤੇ ਕਾਰੋਬਾਰ ਵਲ ਧਿਆਨ ਦੇਵੇ ਤਾਂ ਇਹ ਵੱਡਾ ਵਜੀਰ ਜਾਂ ਦੀਵਾਨ ਜਾਂ ਕੋਈ ਮੀਰ ਬਖਸੀ ਬਣ ਸਕਦਾ ਹੈ। ਮੂਲੇ ਦੀ ਨਿਗਾਹ ਵਿੱਚ ਬਟਾਲੇ ਦਾ ਇੱਕ ਬਹੁਤ ਹੀ ਮਸ਼ਹੂਰ ਵਿਦਵਾਨ ਪੰਡਤ ਸ਼ਾਮ ਲਾਲ ਸੀ। ਜਿਸ ਦੀਆਂ ਵਿਦਵਤਾਂ ਦੀਆਂ ਧੁੰਮਾਂ ਦੂਰ ਦੂਰ ਤੱਕ ਪਈਆਂ ਹੋਈਆਂ ਸਨ।

ਮੂਲ ਚੰਦ ਸ਼ਾਮ ਲਾਲ ਨੂੰ ਲੈ ਕੇ ਇੱਕ ਦਿਨ ਸੁਲਤਾਨ ਪੁਰ ਆ ਪਹੁੰਚਿਆ। ਪਤਾ ਲੱਗਾ ਕਿ ਨਾਨਕ ਤਾਂ ਕਬਰਾਂ (ਜਿਥੇ ਅਜਕਲ ਬੇਰ ਸਾਹਿਬ) ਵਿਖੇ ਕੁਝ ਫਕੀਰ ਕਿਸਮ ਦੇ ਲੋਕਾਂ ਨਾਲ "ਗੱਪ ਸ਼ੱਪ" ਕਰਦਾ ਰਹਿਦਾ ਹੈ। ਦੋਵੇ ਓਥੇ ਹੀ ਪਹੁੰਚ ਗਏ। ਮੂਲੇ ਨੇ ਗੁਰੂ ਸਾਹਿਬ ਨੂੰ ਬਹੁਤ ਤਾਹਨੇ ਮਿਹਣੇ ਦਿੱਤੇ।

ਹਾਲਾਤ ਠੰਡੇ ਹੋਣ ਤੇ ਪੰਡਤ ਨੇ ਸਵਾਲ ਕਰ ਦਿੱਤਾ ਕਿ ਤੁਸੀ ਪੜੇ ਲਿਖੇ ਹੋ ਕੇ ਸ਼ਹਿਰੋ ਬਾਹਰ ਆ ਬੈਠੇ ਹੋ ਇਹ ਤੁਹਾਨੂੰ ਸੋਭਦਾ ਨਹੀ। ਤੁਸੀ ਆਪਣੀ ਕਿਰਤ ਵਲ ਧਿਆਨ ਦਿਓ। ਕਿਹਾ ਜਾਂਦਾ ਕਿ ਅੱਗੋ ਗੁਰੂ ਸਾਹਿਬ ਨੇ ਜਵਾਬ ਵਿੱਚ ਸ਼ਬਦ ਉਚਾਰਿਆ:- ⊙

ਹਿੰਡੋਲ ਮਹਲਾ ੧ ॥ ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧

ਸ਼ਾਮ ਲਾਲ ਪੰਡਤ ਦੀ ਗੁਰੂ ਸਾਹਿਬ ਨਾਲ ਮਾਇਆ ਦੇ ਪਸਾਰੇ ਤੇ ਪ੍ਰਭੂ ਪ੍ਰਾਪਤੀ ਦੇ ਸਾਧਨਾ ਬਾਬਤ ਵਿਸਥਾਰ ਵਿੱਚ ਚਰਚੀ ਹੋਈ। ਗੁਰੂ ਸਾਹਿਬ ਨੇ ਪੰਡਤ ਨੂੰ ਨਿਰਉਤਰ ਕਰ ਦਿੱਤਾ। ਜਿਸ ਤੇ ਮੂਲੇ ਨੂੰ ਬਹੁਤ ਗੁੱਸਾ ਆਇਆ।

ਬ੍ਰਾਹਮਣ ਨੇ ਫਿਰ ਟੇਵੇ ਲਾ ਲਾ ਮੂਲੇ ਨੂੰ ਗੁਰੂ ਸਾਹਿਬ ਬਾਰੇ ਕੁਝ ਅਜਿਹੀ ਗੱਲਾਂ ਦੱਸੀਆਂ ਅਤੇ ਭੜਕਾਇਆ ਕਿ ਮੂਲ ਚੰਦ ਆਪਣੀ ਧੀ ਨੂੰ ਆਪਣੇ ਨਾਲ ਹੀ ਬਟਾਲੇ ਲੈ ਆਇਆ।

ਜਦੋਂ ਮਾਤਾ ਘੁੰਮੀ ਵੀ ਪਤੀ ਦਾ ਘਰ ਛੱਡ ਆਪਣੇ ਪਿਤਾ ਨਾਲ ਪੇਕੇ ਪੱਕੇ ਤੌਰ ਤੇ ਜਾਣ ਲਈ ਤਿਆਰ ਹੋ ਗਈ ਤਾਂ ਇਸ ਮੌਕੇ ਗੁਰੂ ਸਾਹਿਬ ਨੇ ਸੁਲੱਖਣੀ ਪ੍ਰਥਾਇ ਸ਼ਬਦ ਵੀ ਕਿਹਾ ਸੀ:✚

ਸਿਰੀਰਾਗੁ ਮਹਲਾ ੧ ॥ ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥ ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥ ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥ ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥ ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥

----◈-----

## ਸਹੁਰੇ ਨੇ ਨਵਾਬ ਨੂੰ ਕਿਹਾ "ਨਾਨਕ ਸ਼ੁਦਾਈ ਹੋ ਗਇਐ, ਇਨੂੰ ਆਪਣੇ ਬੁਰੇ ਭਲੇ ਦੀ ਸਮਝ ਨਹੀ ਰਹੀ।"

ਸੋ ਜਦੋਂ ਖਬਰ ਪੱਖੋਕੇ ਪਹੁੰਚੀ ਕਿ ਨਾਨਕ ਨੇ ਮੋਦੀਖਾਨਾ ਛੱਡ ਦਿੱਤਾ ਹੈ ਤੇ ਸਾਧ ਬਣ ਗਇਆ ਹੈ ਤਾਂ ਬਾਬਾ ਜੀ ਦੇ ਸਹੁਰਾ ਮੂਲ ਚੰਦ ਚੋਣਾ ਆਪਣੇ ਨਾਲ ਬਟਾਲੇ ਦੇ ਇੱਕ ਵਿਦਵਾਨ ਪੰਡਤ ਸ਼ਾਮ ਲਾਲ ਨੂੰ ਨਾਲ ਲੈ ਕੇ ਆ ਸੁਲਤਾਨਪੁਰ ਆਇਆ ਸੀ। ਨਾਨਕ ਤਾਂ ਘਰ ਵਿੱਚ ਨਹੀ ਸਨ ਮਿਲੇ ਅਤੇ ਮੜ੍ਹੀਆਂ ਲਾਗੇ ਵੇਈ ਦੇ ਕੰਢੇ ਫਿਰ ਮੇਲ ਹੋਇਆ ਸੀ।

ਅਗਲੇ ਸਵੇਰੇ ਮੂਲ ਚੰਦ ਜਾ ਨਵਾਬ ਕੋਲ ਫਰਿਆਦੀ ਹੋਏ। ਜਦੋਂ ਨਵਾਬ ਨੂੰ ਪਤਾ ਲੱਗਾ ਕਿ ਬਾਬੇ ਨਾਨਕ ਦਾ ਸਹੁਰਾ ਫਰਿਆਦੀ ਹੈ ਤਾਂ ਉਸ ਨੇ ਝੱਟ ਮੂਲ ਚੰਦ ਨੂੰ ਆਪਣੇ ਕੋਲ ਬੁਲਾ ਲਿਆ ਤੇ ਪੁੱਛਿਆ ਕਿ ਤੁਹਾਨੂੰ ਕੀ ਸ਼ਕਾਇਤ ਹੈ?

ਮੂਲ ਚੰਦ ਨੇ ਫਰਿਆਦ ਕੀਤੀ ਕਿ ਜਿਹੜੇ ਨਾਨਕ ਮੋਦੀ ਦੇ 760 ਰੁਪਏ ਨਿਕਲੇ ਹਨ ਉਹ ਨਾਨਕ ਦੇ ਪ੍ਰਵਾਰ ਨੂੰ ਦਿੱਤੇ ਜਾਣ। ਨਾਨਕ ਦੇ ਦੋ ਛੋਟੇ ਛੋਟੇ ਬੱਚੇ ਨੇ। ਨਵਾਬ ਨੇ ਮੂਲ ਚੰਦ ਨੂੰ ਕਿਹਾ ਕਿ ਮੂਲ ਚੰਦ ਜੀ ਖੁਦ ਬਾਬੇ ਨਾਨਕ ਨੇ ਮੈਨੂੰ ਕਿਹਾ ਹੈ ਕਿ ਉਹ 760 ਰੁਪਏ (ਅੱਜ ਦੇ ਹਿਸਾਬ 2, 88800 ਰੁਪਏ) ਮੈਨੂੰ ਨਹੀ ਚਾਹੀਦੇ ਤੇ ਇਹ ਸਾਧਾਂ ਫਕੀਰਾਂ ਵਿੱਚ ਵੰਡ ਦਿੱਤੇ ਜਾਣ। ਮੂਲ ਚੰਦ ਨੇ ਜਿੱਦ ਕੀਤੀ ਤੇ ਕਿਹਾ ਕਿ ਨਾਨਕ ਤਾਂ ਸ਼ੁਦਾਈ ਹੋ ਚੁੱਕਾ ਉਹਦਾ ਦਿਮਾਗ ਹਿੱਲ ਚੁੱਕਾ ਹੈ। ਕੋਈ ਕਹਿੰਦਾ ਹੈ ਕਿ ਉਨੂੰ ਕੋਈ ਭੂਤ ਪ੍ਰੇਤ ਆ ਚਿੰਬੜਿਆ ਹੈ।

ਨਵਾਬ ਨੇ ਝੱਟ ਨਾਨਕ ਦੇ ਭਣਵੱਈਏ ਜੈਰਾਮ ਨੂੰ ਦਰਬਾਰ ਵਿੱਚ ਹਾਜਰ ਹੋਣ ਲਈ ਸੱਦ ਲਿਆ ਤੇ ਨਵਾਬ ਨੇ ਪੁੱਛਿਆ ਕਿ ਦੱਸੋ ਜੈਰਾਮ ਓਨਾਂ ਪੈਸਿਆਂ ਦਾ ਕੀ ਕੀਤਾ ਜਾਵੇ? ਵਿਚਾਰਾ ਜੈਰਾਮ ਬਾਬਾ ਨਾਨਕ ਤੋਂ ਵੀ ਡਰਦਾ ਸੀ ਤੇ ਮੂਲ ਚੰਦ ਵੀ ਬੜਾ ਗੁਸੈਲ ਬੰਦਾ ਸੀ। ਜੈ ਰਾਮ ਨੇ ਸਲਾਹ ਦਿੱਤੀ ਕਿ ਜੇ ਨਾਨਕ ਸੱਚ ਮੁੱਚ ਹਿੱਲ ਗਇਆ ਹੈ ਤਾਂ ਮੂਲ ਚੰਦ ਦੀ ਗੱਲ ਮੰਨ ਲਈ ਜਾਵੇ ਅਤੇ ਜੇ ਨਾਨਕ ਬਿਲਕੁਲ ਠੀਕ ਠਾਕ, ਖਬਰਦਾਰ, ਸੁਚੇਤ ਹੈ ਤਾਂ ਜੋ ਨਾਨਕ ਕਹਿੰਦਾ ਉਹ ਕੀਤਾ ਜਾਵੇ। ਨਵਾਬ ਨੂੰ ਜੈਰਾਮ ਦੀ ਸਲਾਹ ਜੱਚ ਗਈ। ਨਵਾਬ ਨੇ ਕਿਹਾ ਕਿ ਜੇ ਤੁਹਾਨੂੰ ਸ਼ੱਕ ਹੈ ਕਿ ਨਾਨਕ ਨੂੰ ਕਿਸੇ ਬਾਹਰ ਦੀ ਸ਼ੈਅ ਚੰਬੜੀ ਹੋਈ ਹੈ ਤਾਂ ਕਿਸੇ ਸਿਆਣੇ ਨੂੰ ਵਿਖਾਓ ਤੇ ਨਾਨਕ ਨੂੰ ਮੇਰੇ ਸਾਹਮਣੇ ਪੇਸ਼ ਕਰ ਦੇਣਾ। ਫਿਰ ਉਸ ਮੁਤਾਬਿਕ ਉਸ ਪੈਸੇ ਦਾ ਫੈਸਲਾ ਹੋ ਜਾਏਗਾ।

ਪੈੜ ਸੁਵਾ

⊙ ਗਿਆਨੀ- 83 (ਸੋਢੀ 2-507 ਨੇ ਇਹ ਸਬਦ ਕਰਤਾਰਪੁਰ ਰਚਿਆ ਜਾਣਾ ਲਿਖਿਆ ਹੈ। ਯਾਦ ਰਹੇ ਉਦਾਸੀਆ ਉਪਰੰਤ ਜਿਹੜੀ ਬਾਣੀ ਗੁਰੂ ਸਾਹਿਬ ਨੇ ਪੰਜਾਬ ਰਹਿੰਦਿਆ ਰਚੀ ਹੈ ਉਹ ਸ਼ੁੱਧ ਵਿੱਚ ਹੈ। ਅਜਿਹਾ ਸਾਡਾ ਮੰਨਣਾ ਹੈ)

✚ ਸੋਢੀ 2- 467 ਨੇ ਹਾਲਾਂ ਇਸ ਸਬਦ ਦੀ ਰਚਨਾ ਕਰਤਾਰਪੁਰ ਹੋਣਾ ਲਿਖਿਆ ਹੈ। ਜੋ ਕਿ ਗਲਤ ਭਾਸਦਾ ਹੈ। ਕਰਤਾਰਪੁਰ ਵਿਖੇ ਸ੍ਰੀ ਰਾਗ ਵਿੱਚ ਗੁਰੂ ਸਾਹਿਬ ਨੇ ਬਾਣੀ ਘੱਟ ਹੀ ਰਚੀ ਸੀ।

ਬਾਬੇ ਦੀ ਤਲਾਸ਼ ਸ਼ੁਰੂ ਹੋ ਗਈ। ਅਖੀਰ ਨਾਲ ਦੇ ਕਿਸੇ ਪਿੰਡ ਤੋਂ ਬਾਬਾ ਜੀ ਸਾਧਾਂ ਦੇ ਟੋਲੇ ਨਾਲ ਬੈਠਾ ਮਿਲ ਗਿਆ।

ਬਾਬਾ ਜੀ ਨੂੰ ਘਰ ਜਾਣ ਵਾਸਤੇ ਮਜਬੂਰ ਕੀਤਾ ਗਿਆ। ਪਰ ਬਾਬੇ ਨੇ ਨਾਂਹ ਕਰ ਦਿੱਤੀ। ਬਾਬਾ ਜੀ ਦਾ ਸਹੁਰਾ ਬਹੁਤ ਤਾਹਨੇ ਮਿਹਣੇ ਮਾਰ ਰਿਹਾ ਸੀ, "ਕਿ ਜੇ ਤੂੰ ਸਾਧ ਬਣਨਾ ਸੀ ਤਾਂ ਮੇਰੀ ਕੁੜੀ ਦੀ ਜਿੰਦਗੀ ਕਿਓ ਖਰਾਬ ਕੀਤੀ?" ਆਦਿ ਆਦਿ। ਬਾਬਾ



ਗੁਰਦੁਆਰਾ ਗੁਰੂ ਕਾ ਬਾਗ- ਪੁਰਾਣੀ ਇਮਾਰਤ। ਇਥੇ ਇਕ ਕਮਰਾ ਗੁਰੂ ਸਾਹਿਬ ਦੇ ਵੇਲਿਆਂ ਦਾ ਵੀ ਹੁੰਦਾ ਸੀ।- (ਸੁਲਤਾਨਪੁਰ ਸਰਵੇ 1969)

ਜੀ ਦਾ ਅਸੂਲ ਸੀ ਕਿ ਉਹ ਗੁੱਸੇ ਵਿੱਚ ਆਏ ਬੰਦੇ ਤੇ ਮੂਰਖ ਨਾਲ ਕਦੀ ਬਹਿਸ ਨਹੀ ਸਨ ਕਰਦੇ, "ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥ "

ਸੁਲਤਾਨ ਪੁਰ ਪਹੁੰਚ ਬਾਬਾ ਜੀ ਲਈ ਕਿਸੇ ਧਾਗਾ ਤਵੀਤ ਕਰਨ ਵਾਲੇ ਸਿਆਣੇ ਨੂੰ ਸੱਦਿਆ ਗਿਆ। ਬਾਬਾ ਜੀ ਬੈਠੇ ਨਿਰੰਕਾਰ ਦੀ ਸਿਫਤ ਸਲਾਹ ਵਿੱਚ ਮਗਨ ਸਨ ਕਿ ਸਿਆਣੇ ਨੇ ਟੂਣੇ ਟਪਾਣੇ ਕਰਨੇ ਸ਼ੁਰੂ ਕੀਤੇ। ਲਾਗੇ ਜੰਤਰ ਮੰਤਰ ਪੜ੍ਹੇ ਜਾਣ ਦੇ ਬਾਵਜੂਦ ਜਦੋਂ ਬਾਬਾ ਨਾਨਕ ਮਸਤ ਰਹੇ ਤਾਂ ਬਾਬਾ ਜੀ ਦੇ ਨਾਸਾਂ ਵਿੱਚ ਕੋਈ ਤਿਖਾ ਧੂੰਅ ਦਿੱਤਾ ਗਇਆ ਜਿਸ ਕਾਰਨ ਬਾਬਾ ਜੀ ਦੀ ਸੁਰਤ ਨਿਰੰਕਾਰ ਨਾਲੋ ਟੁੱਟੀ। ਗੁਰੂ ਜੀ ਨੇ ਉਸ ਸਿਆਣੇ ਨੂੰ ਡਾਟਿਆ ਤੇ ਲਾਹਣਤ ਪਾਈ:-

**ਸਲੋਕ ਮਃ ੧ ॥ ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥**

ਗੁਰੂ ਸਾਹਿਬ ਨੇ ਉਸ ਸਿਆਣੇ ਤੇ ਵਿਅੰਗ ਕਸਿਆ ਕਿ ਤੂੰ ਚੰਗਾ ਸਿਆਣਾ ਅਕਲ ਵਾਲਾ ਏ ਜੋ ਰੱਬ ਦਾ ਨਾਂ ਵੇਚਦਾ ਪਿਆ ਏ। ਓਏ ਮੂਰਖਾ ਇਸ ਅਕਲ ਦੇ ਨਾਲ ਨੇਕ ਕੰਮ ਕਰੀਦੇ ਨੇ। ਉਸ ਨਿਰੰਕਾਰ ਦੀ ਸਿਫਤ ਸਾਲਾਹ ਵਿੱਚ ਅਕਲ ਨੂੰ ਵਰਤ।

ਉਪਰੰਤ ਓਹ ਸਿਆਣਾ ਨਵਾਬ ਕੋਲ ਰਿਪੋਰਟ ਦੇਣ ਗਇਆ ਕਿ ਨਾਨਕ ਤਾਂ ਚੰਗਾ ਭਲਾ ਹੈ, ਨਾਂ ਹੀ ਬਾਹਰ ਦਾ ਕੋਈ ਕਸੂਰ ਹੈ ਕਿ ਨਾਨਕ ਠੀਕ ਠਾਕ ਸੁਚੇਤ ਖਬਰਦਾਰ ਹੈ।

ਬਾਬਾ ਨਾਨਕ ਨੂੰ ਵੀ ਨਾਲ ਹੀ ਨਵਾਬ ਕੋਲ ਲਿਜਾਇਆ ਗਿਆ। ਦੁਆ ਸਲਾਮ ਤੋਂ ਬਾਦ ਨਵਾਬ ਨੇ ਜਦੋਂ ਬਾਬੇ ਦਾ ਹਾਲ ਚਾਲ ਪੁੱਛਿਆ ਤਾਂ ਗੁਰੂ ਸਾਹਿਬ ਨੇ ਸ਼ਬਦ ਉਚਾਰ ਦੱਸਿਆ ਕਿ ਲੋਕਾਂ ਤਾਂ ਮੈਨੂੰ ਸ਼ੁਦਾਈ ਐਲਾਨ ਦਿੱਤਾ ਹੈ:-

**ਮਾਰੂ ਮਹਲਾ ੧ ॥ ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥ ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥ ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥**

ਨਵਾਬ ਨੇ ਕਿਹਾ ਕਿ ਬਾਬਾ ਜੀ ਤੁਹਾਡੇ ਸਹੁਰੇ ਦੀ ਆਹ ਫਰਿਆਦ ਕਿ ਨਾਨਕ ਸ਼ੁਦਾਈ ਹੋ ਚੁੱਕਾ ਹੈ। ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਨਵਾਬ ਸਾਬ ਤੁਹਾਨੂੰ ਇੱਕ ਵਾਰ ਗੁਜਾਰਿਸ਼ ਕਰ ਦਿੱਤੀ ਹੈ ਉਹੀ ਕਾਫੀ ਹੈ। ਦੁਬਾਰਾ ਸਵਾਲ ਕਰਨਾ ਕੁਝ ਠੀਕ ਨਹੀ ਲੱਗਾ ਮੈਨੂੰ। ਨਵਾਬ ਨੇ ਉਲਟਾ ਸ਼ਰਮ ਮਹਿਸੂਸ ਕੀਤੀ। ਬਾਬਾ ਮੂਲ ਚੰਦ ਨੂੰ ਵੀ ਸ਼ਰਮਿੰਦੇ ਹੋਣਾ ਪਿਆ।

ਦਰਬਾਰ ਵਿੱਚ ਫਿਰ ਅਗਲਾ ਸਵਾਲ ਉਠਿਆ ਕਿ ਕੀ ਉਹਦੀ ਲੜਕੀ ਨੂੰ ਕਿਸੇ ਚੀਜ ਦੀ ਕਮੀ ਹੈ? ਮੂਲ ਚੰਦ ਇਸ ਮਸਲੇ ਤੇ ਵੀ ਨਾਕਾਮ ਰਿਹਾ ਅਤੇ ਉਹ ਸਾਬਤ ਨਹੀ ਕਰ ਸਕਿਆ ਕਿਉਕਿ



ਗੁਰਦੁਆਰਾ ਗੁਰੂ ਕਾ ਬਾਗ- ਨਵੀ ਇਮਾਰਤ

ਮਾਤਾ ਚੋਣੀ ਨੂੰ ਕਿਸੇ ਕਿਸਮ ਦੀ ਕੋਈ ਮਾਇਕ ਤੰਗੀ ਨਹੀ ਸੀ। ਮਾਤਾ ਸੁਲੱਖਣੀ ਅਤੇ ਬੱਚਿਆਂ ਨੂੰ ਪਾਲਣ ਲਈ ਤਲਵੰਡੀ ਅਤੇ ਸੁਲਤਾਨਪੁਰ ਵਾਧੂ ਧਨ ਦੌਲਤ ਸੀ।

## ਗੁਰੂ ਜੀ ਨੇ ਘਰ ਲੁੱਟਾ ਦਿਤਾ

ਜਦੋਂ ਮਾਤਾ ਸੁਲੱਖਣੀ ਦੋਵੇ ਬਾਲਾਂ ਸਮੇਤ ਆਪਣੇ ਪਿਤਾ ਨਾਲ ਪੱਖੋਕੇ ਰਵਾਨਾ ਹੋ ਗਈ ਤਾਂ ਮਗਰੋਂ ਗੁਰੂ ਸਾਹਿਬ ਨੇ ਆਪਣਾ ਸਾਰਾ ਘਰ ਦਾ ਸਮਾਨ ਗਰੀਬ ਗੁਰਬਿਆਂ ਵਿਚ ਵੰਡ ਦਿਤਾ। ਖੁੱਦ ਮੜੀਆਂ ਦੇ ਲਾਗੇ ਖਰਬੂਜੇ ਸ਼ਾਹ ਵਾਲੇ ਸਥਾਨ ਤੇ ਹੀ ਰਾਤ

ਬਿਤਾਇਆ ਕਰਦੇ ਸਨ।

----◆-----

## ਭਾਈ ਮਰਦਾਨੇ ਦੀ ਰਬਾਬ

ਪਿਤਾ ਨੇ ਮਰਾਸੀ ਭੇਜਿਆ ਕਿ ਜਾਓ ਜਾ ਕੇ ਪਤਾ ਕਰੋ - ਪੁਰਾਣੇ ਸਮਿਆਂ ਵਿੱਚ ਖਬਰ ਕੰਨ ਤੋਂ ਦੂਸਰੇ ਕੰਨ ਰਾਂਹੀ ਹਫਤੇ ਵਿੱਚ ਹੀ 500 ਕਿਲੋਮੀਟਰ ਦੂਰ ਤੱਕ ਪਹੁੰਚ ਜਾਂਦੀ ਸੀ। ਅਫਵਾਹਾਂ ਫੈਲਾਉਣ ਵਾਲਿਆਂ ਨੂੰ ਹਾਲਾਂਕਿ ਰਾਜੇ ਸਖਤ ਸਜ਼ਾਵਾਂ ਦਿੰਦੇ ਸਨ ਪਰ ਫਿਰ ਵੀ ਅਫਵਾਹਾਂ ਦਾ ਬਜ਼ਾਰ ਗਰਮ ਰਹਿੰਦਾ ਸੀ। ਜਿਸ ਕਾਰਨ ਹਕੂਮਤ ਨੇ ਆਪਣਾ ਡਾਕ ਢਾਂਚਾ ਰੱਖਿਆ ਹੁੰਦਾ ਸੀ। ਜਿਸ ਵਿੱਚ ਡਾਕ ਚੌਕੀਆਂ ਤੇ ਘੋੜ ਦੌੜਾਕ ਹੁੰਦੇ ਸਨ। ਪਰ ਦੁਨੀਆਂ ਦੇ ਇਸ ਹਿੱਸੇ ਵਿੱਚ ਲੋਕ ਆਪਣੇ ਸੁਨੇਹੇ ਪਤੇ ਖੁੱਦ ਆਜ਼ਾਦਾਨਾਂ ਤਰੀਕੇ ਪਹੁੰਚਾਉਂਦੇ ਸਨ। ਨਿੱਜੀ ਸੁਨੇਹਿਆਂ ਜਾਂ ਡਾਕ ਲਈ ਮਰਾਸੀ ਹੀ ਕੰਮ ਸਾਰਦਾ ਸੀ।



ਭਾਈ ਮਰਦਾਨਾ (ਬੀ:40 ਤਸਵੀਰੀ

ਖੈਰ ਨਾਨਕ ਨੂੰ ਮੋਦੀਖਾਨਾ ਛੱਡੇ ਨੂੰ ਕੋਈ ਚਾਰ ਪੰਜ ਮਹੀਨੇ ਹੋ ਚੁੱਕੇ ਸਨ ਤਾਂ ਪਿਤਾ ਕਾਲੂ ਤੱਕ ਪੁੱਤਰ ਬਾਬਤ ਵੱਖ ਵੱਖ ਕਿਸਮ ਦੀਆਂ ਅਫਵਾਹਾਂ ਪਹੁੰਚ ਰਹੀਆ ਸਨ ਜਿੰਨਾਂ ਕਾਰਨ ਮਾਪਿਆਂ ਨੂੰ ਚਿੰਤਾ ਹੋ ਰਹੀ ਸੀ। ਸੂਰਤ ਏ ਹਾਲ ਤੇ ਨਜਰ ਰੱਖਣ ਲਈ ਓਨਾਂ ਮਰਦਾਨੇ ਨੂੰ ਹੁਕਮ ਕੀਤਾ ਕਿ "ਜਾ, ਜਾ ਕੇ ਸਾਰਾ ਪਤਾ ਲਓ ਆਪਣੇ ਯਾਰ ਦਾ ਅਤੇ ਨਾਲ ਹੀ ਨਾਨਕ ਨੂੰ ਸੁਨੇਹਾ ਦਿਓ ਕਿ ਤੁਹਾਨੂੰ ਰਾਇ ਬੁਲਾਰ ਯਾਦ ਕਰਦਾ ਹੈ। "

ਮਰਦਾਨਾ ਸੁਲਤਾਨਪੁਰ ਪਹੁੰਚ ਗਿਆ। ਬੇਬੇ ਜੀ ਕੋਲੋਂ ਸਾਰੀ ਖਬਰ ਸੁਰਤ ਹਾਸਲ ਕੀਤੀ। ਬੇਬੇ ਜੀ ਨੇ ਮਰਦਾਨੇ ਨੂੰ ਕਿਹਾ ਕਿ ਬਾਕੀ ਦੀਆਂ ਗੱਲਾਂ ਖੁੱਦ ਨਾਨਕ ਕੋਲ ਜਾ ਕੇ ਪੁੱਛੋ ਕਿ ਕਿਓ ਮੋਦੀਖਾਨਾ ਛੱਡ ਸਿਰ ਤੇ ਖੱਫਣ ਬੰਨ ਲਿਆ ਹੈ? ਮਰਦਾਨੇ ਨੇ ਜਾ ਗੁਰੂ ਨਾਨਕ ਨੂੰ ਵੇਈਂ ਕੰਢਿਓ ਲੱਭਿਆ। ਗੁਰੂ ਸਾਹਿਬ ਦੁਆਲੇ ਭੀੜ ਲੱਗੀ ਹੋਈ ਸੀ।

ਮਰਦਾਨੇ ਨੇ ਜਦੋਂ ਪੁੱਛਿਆ ਕਿ ਮੋਦੀਖਾਨਾ ਕਿਓ ਛੱਡ ਦਿੱਤਾ। ਤਾਂ ਗੁਰੂ ਸਾਹਿਬ ਨੇ ਸਾਰਾ ਦੱਸਿਆ ਕਿ ਨਿਰੰਕਾਰ ਦਾ ਸੁਨੇਹਾ ਘਰ ਘਰ ਪਹੁੰਚਾਉਣਾ ਹੈ। ਲੋਕਾਈ ਦਾ ਉਧਾਰ ਕਰਨਾ ਹੈ। ਦੁੱਖ ਦਲਿਦਰ ਸਮਾਜ ਵਿੱਚੋਂ ਕੱਢਣਾ ਹੈ। ਵੇਖ ਨਾਂ ਲੋਕ ਤਾਂ ਬੱਦਲ ਦੀ ਹੀ ਪੂਜਾ ਕਰੀ ਜਾਂਦੇ ਨੇ। ਕੋਈ ਕਬਰ ਪੂਜ ਰਿਹਾ, ਕਿਓ ਮੜੀਆਂ, ਕੋਈ ਰੁੱਖਾਂ ਅੱਗੇ ਹੀ ਨੱਕ ਰਗੜੀ ਜਾ ਰਿਹਾ ਹੈ, ਕੋਈ ਸੂਰਜ ਕੋਈ ਚੰਨ ਦੀ ਪੂਜਾ ਕਰੀ ਜਾ ਰਿਹਾ ਹੈ। ਇਸ ਕੰਮ ਵਿਚ ਗੁਰੂ ਸਾਹਿਬ ਨੇ ਮਰਦਾਨੇ ਦਾ ਵੀ ਸਹਿਯੋਗ ਮੰਗਿਆ।

ਮਰਦਾਨਾ ਗੁਰੂ ਸਾਹਿਬ ਦੀ ਮਹਿਮਾ ਤੋਂ ਤਾਂ ਪ੍ਰਭਾਵਤ ਪਹਿਲਾਂ ਹੀ ਹੋ ਚੁੱਕਾ ਸੀ, ਹੁਣ ਜੁੜੀ ਹੋਈ ਭੀੜ ਨੂੰ ਵੇਖ ਕੇ ਉਹਦੀ ਸ਼ਰਧਾ ਹੋਰ ਬਲਵਾਨ ਹੋ ਗਈ। ਅੱਗੇ ਹੋ ਕਿ ਕਹਿੰਦਾ ਮੈਨੂੰ ਕੀ ਹੁਕਮ ਹੈ? ਗੁਰੂ ਸਾਹਿਬ ਨੇ ਕਿਹਾ ਇਸ ਨੇਕ ਕੰਮ ਵਿੱਚ ਤੂੰ ਸਾਡਾ ਸਾਥ ਦੇ। ਮਰਦਾਨਾ ਕਹਿੰਦਾ ਜੀ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੇਰੇ ਕੋਲ ਤਾਰ ਦਾ ਹੁਨਰ ਹੈ। ਅਸਾਂ ਇੱਕ ਦੋ ਵਾਰੀ ਵੇਖਿਆ ਸੀ ਤੂੰ ਸੋਹਣੀ ਰਬਾਬ ਵਜਾ ਲੈਨਾ। ਤੂੰ ਸਾਜ ਦੀ ਸੇਵਾ ਕਰ। ਮਰਦਾਨਾ ਕਹਿੰਦਾ ਕਿ ਠੀਕ ਹੈ ਮੈਂ ਆਪ ਦੇ ਨਾਲ ਹਾਂ। ਪਰ ਮੈਂ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਨੂੰ ਤੁਹਾਡੇ ਬਾਰੇ ਖਬਰ ਦੇ ਆਵਾਂ। ਗੁਰੂ ਸਾਹਿਬ ਕਿਹਾ ਤਲਵੰਡੀ ਵਲ ਫਿਰ ਆਪਾਂ ਦੋਵੇ ਚਲਾਂਗੇ। ਮਰਦਾਨੇ ਨੇ ਹਾਂ ਭਰੀ।ਤੇ ਕਹਿੰਦਾ ਕਿ ਮੈਂ ਰਬਾਬ ਖਰੀਦ ਲੈਨਾਂ ਵਾਂ।

ਮਰਦਾਨਾ ਲੱਗ ਪਿਆ ਰਬਾਬ ਲੱਭਣ। ਸ਼ਹਿਰ ਵਿੱਚ ਤਾਂ ਕਿਤੇ ਮਿਲੀ ਨਹੀ। ਇੱਕ ਢਾਢੀ ਕੋਲ ਹੈਗੀ ਸੀ। ਮਰਦਾਨਾ ਉਨੂੰ ਲੈ ਕੇ ਗੁਰੂ ਨਾਨਕ ਪਾਸ ਪਹੁੰਚਿਆ। ਗਰੀਬ ਢਾਡੀ ਨੇ ਰਬਾਬ ਗੁਰੂ ਸਾਹਿਬ ਦੇ ਭੇਟ ਕਰ ਦਿੱਤੀ। ਸਾਰੀ ਗੱਲ ਸੁੱਣਨ ਦੇ ਬਾਦ ਗੁਰੂ ਸਾਹਿਬ ਨੇ ਰਬਾਬ ਢਾਡੀ ਨੂੰ ਵਾਪਸ ਮੋੜ ਦਿੱਤੀ ਕਿਉਕਿ ਉਸ ਗਰੀਬ ਦਾ ਰੁਜਗਾਰ ਉਸ ਰਬਾਬ ਦੇ ਸਿਰ ਤੇ ਹੀ ਸੀ। ਓਦੋਂ ਮਰਦਾਨੇ ਨੇ ਫਿਰ ਰਬਾਬ ਵਜਾ ਕੇ ਗੁਰੂ ਸਾਹਿਬ ਨੂੰ ਸੁਣਾਈ। ਉਸ ਢਾਡੀ ਤੋਂ ਪਤਾ ਚਲ ਗਇਆ ਕਿ ਵਧੀਆ ਰਬਾਬ ਦਾ ਮੁਲ ਕੋਈ 5-7 ਰੁਪਏ ਹੈ।

ਬਾਬੇ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ ਜਾ, ਜਾ ਕੇ ਬੇਬੇ ਜੀ ਕੋਲੋ 7 ਰੁਪਏ ਲੈ ਆ। ਮਰਦਾਨਾ ਬੇਬੇ ਨਾਨਕੀ ਦੇ ਘਰ ਪਹੁੰਚਾ। ਬਾਬੇ ਨਾਲ ਹੋਈ ਸਾਰੀ ਗੱਲ ਬਾਤ ਦੱਸੀ ਕਿ ਹੁਣ ਨਹੀ ਕਰਨ ਵਾਲਾ ਬਾਬਾ ਨੌਕਰੀ। ਬਾਬੇ ਨੇ ਤਹੱਈਆ ਕਰ ਲਿਆ ਹੈ ਕਿ ਬਾਕੀ ਦਾ ਜੀਵਨ ਲੋਕ-ਉਧਾਰ ਤੇ ਹੀ ਲਾਉਣਾ ਹੈ ਤੇ ਫਿਰ ਤੁਰ ਕੇ ਨਿਰੰਕਾਰ ਕਰਤਾਰ ਦੇ ਨਾਂ ਦੀ ਦੋਹੀ ਪਾਉਣੀ ਹੈ। ਬੇਬੇ ਜੀ ਨੂੰ ਇਹ ਸੁਣ ਕੇ ਸਕੂਨ ਪਹੁੰਚਿਆ ਕਿ ਮਰਦਾਨੇ ਨੇ ਵੀ ਤਹਿ ਕੀਤਾ ਹੈ ਕਿ ਗੁਰੂ ਸਾਹਿਬ ਦਾ ਸਾਥ ਦੇਵੇਗਾ। ਮਰਦਾਨੇ ਨੇ ਬੜੀ ਅਧੀਨਗੀ ਤੇ ਨਿਮ੍ਰਤਾ ਨਾਲ ਬੇਬੇ ਜੀ ਨੂੰ ਕਿਹਾ ਕਿ ਬਾਬੇ ਨੇ 7 ਰੁਪਏ ਮੰਗਾਏ ਨੇ ਰਬਾਬ ਖਰੀਦਣ ਵਾਸਤੇ। ਬੇਬੇ ਜੀ ਦਾ ਵੈਰਾਗ ਛੁੱਟ ਪਿਆ ਤੇ ਕਹਿਣ ਲੱਗੀ ਕਿ "ਨਾਨਕ ਨੂੰ ਕਹੀ ਤੇਰੇ ਤੋਂ 7 ਰੁਪਏ ਕੀ ਚੀਜ਼ ਹੈ ਤੇਰੇ ਤੋਂ ਲੱਖਾਂ ਕੁਰਬਾਨ। ਇਹ ਜਿੰਦਗੀ ਕੁਰਬਾਨ। ਨਾਨਕ ਨੂੰ ਕਹੀ ਮੈਨੂੰ ਮੁੱਖੜਾ ਦਿਖਾ ਜਾਏ। ਕ੍ਰਿਨੇ ਹੀ ਦਿਨ ਹੋ ਗਏ ਨੇ ਮਿਲਣ ਨਹੀ ਆਇਆ। "

ਮਰਦਾਨੇ ਨੇ ਜਾ ਕੇ ਬਾਬੇ ਨੂੰ ਬੇਬੇ ਜੀ ਦਾ ਸੁਨੇਹਾ ਦਿੱਤਾ। ਬਾਬਾ ਕਹਿਣ ਲੱਗਾ "ਚੰਗਾ ਮਰਦਾਨਿਆ ਆ ਚਲੀਏ ਬੇਬੇ ਨੂੰ ਮਿਲਣ। ਇਹ ਮੇਰੇ ਨਾਲ ਬਹੁਤ ਮੋਹ ਕਰਦੀ ਹੈ। "

## ਬੇਬੇ ਨਾਨਕੀ ਨਾਲ ਵਾਇਦਾ



ਅਜੇ 15 ਸਾਲ ਪਹਿਲਾਂ ਤਕ ਭਾਈ ਜੈਰਾਮ ਅਤੇ ਬੇਬੇ ਨਾਨਕੀ ਦਾ ਘਰ ਸਹੀ ਸਲਾਮਤ ਮੌਜੂਦ ਸੀ। ਇਹ ਕਿਸੇ ਦੀ ਨਿੱਜੀ ਜਾਇਦਾਦ ਬਣ ਚੁੱਕੀ ਸੀ। ਕਾਰ ਸੇਵਾ ਵਾਲੇ ਬਾਬੇ ਜਗਤਾਰ ਸਿੰਘ ਮਕਾਨ ਮਾਲਕ ਤੇ ਹਰ ਕਿਸਮ ਦਾ ਦਬਾਅ ਪਾ ਕੇ ਮਕਾਨ ਖਰੀਦ ਲਿਆ ਤੇ ਪੈਂਦੇ ਸਾਰ ਇਹਦੀ ਕਾਰ ਸੇਵਾ ਵੀ ਕਰ ਦਿੱਤੀ। ਖੁਦ ਬਾਬੇ ਦੇ ਹੀ ਬੰਦੇ ਦਸਦੇ ਨੇ ਕਿ ਮਕਾਨ ਦੀਆਂ 6-6 ਫੁੱਟ ਚੌੜੀਆਂ ਕੰਧਾਂ ਸਨ। ਮੁਰੰਮਤ ਹੋਣ ਉਪਰੰਤ ਉਹ 500 ਸਾਲ ਹੋਰ ਕੱਢ ਜਾਂਦਾ। ਖਰੀਦਣ ਵੇਲੇ ਰਹਾਇਸ਼ ਵੀ ਸੀ। ਬਾਬੇ ਨੇ ਉਸ ਪੁਰਾਣੇ ਮਕਾਨ ਦੀ ਥਾਂਵੇ ਨਵੇ ਡੀਜਾਈਨ ਦਾ ਮਕਾਨ ਬਣਾ ਵਿਚ ਪੱਖੇ ਵੀ ਲਾ ਦਿਤੇ ਨੇ। ਨਿਰਾ ਲਾਲਚ ਹੀ ਨਹੀ ਕੁਝ ਬਾਬੇ ਆਰ ਐਸ ਐਸ ਦੇ ਅਜੈਂਟ ਵੀ ਹਨ ਤਾਂ ਕਿ ਸਿੱਖ ਵਿਰਾਸਤ ਫਨਾਹ ਕੀਤੀ ਜਾ ਸਕੇ।

ਜਿਵੇ ਬਾਬਾ ਤੇ ਮਰਦਾਨਾ ਸੁਲਤਾਨਪੁਰ ਬੇਬੇ ਜੀ ਦੇ ਘਰ ਪਹੁੰਚੇ ਤਾਂ ਤੁਲਸਾਂ ਨੌਕਰਾਣੀ ਨੇ ਬਾਬਾ ਜੀ ਨੂੰ ਆਉਂਦੇ ਵੇਖ ਲਿਆ। ਉਸ ਦੁਹਾਈ ਪਾ ਦਿੱਤੀ ਕਿ ਬੇਬੇ ਜੀ ਬਾਬਾ ਨਾਨਕ ਤੁਰਿਆ ਪਿਆ ਆਉਂਦਾ। ਬੇਬੇ ਜੀ ਵੀ ਕਾਹਲੀ ਕਾਹਲੀ ਪਉੜੀਆਂ ਉੱਤਰ ਕੇ ਵੀਰ ਨੂੰ ਹੇਠਾਂ ਮਿਲਣ ਆਈ। ਬੇਬੇ ਝੱਟ ਬਾਬੇ ਦੇ ਚਰਨਾਂ ਤੇ ਢਹਿ ਪਈ। ਬਾਬੇ ਨੇ ਬੁਰਾ ਮਨਾਇਆ ਕਿ ਤੂੰ ਮੇਰੀ ਵੱਡੀ ਭੈਣ ਹੈਂ ਪੈਰੀ ਹੱਥ ਲਾਉਣਾ ਮੇਰਾ ਬਣਦਾ। ਬੇਬੇ ਨੇ ਕਿਹਾ ਨਾਨਕ ਤੈਨੂੰ ਪਤਾ ਮੈਂ ਤੈਂਨੂੰ ਚਿਰੋਕਣੀ ਪਛਾਣ ਚੁੱਕੀ ਹਾਂ। ਮੇਰੇ ਵੱਡੇ ਭਾਗ ਪ੍ਰਭੂ ਨੇ ਤੇਰੇ ਜਿਹਾ ਧਰਮੀ ਪੁਰਖ ਮੇਰਾ ਭਰਾ ਬਣਾ ਕੇ ਭੇਜਿਆ ਹੈ। ਮੇਰੇ ਵਾਸਤੇ ਤੇ ਤਾਂ ਤੂੰ ਖੁੱਦ ਹੀ ਰੱਬ ਹੈਂ। ਮਨਾ ਨਾ ਕਰਿਆ ਕਰ ਜਦੋਂ ਮੈਂ ਤੇਰੇ ਚਰਨ ਛੂੰਹਦੀ ਹਾਂ। ਗੁਰੂ ਸਾਹਿਬ ਨੇ ਭੈਣ ਨੂੰ ਜੱਫੀ ਵਿੱਚ ਲਿਆ। ਤਿੰਨੇ ਉਪਰ ਚਲੇ ਗਏ। ਗੱਲਾਂ ਬਾਤਾਂ ਕੀਤੀਆਂ। ਲੰਗਰ ਪਾਣੀ ਛਕਿਆ। ਬੇਬੇ ਨੇ ਦੱਸਿਆ ਕਿ ਬੇਟੇ ਸ੍ਰੀ ਚੰਦ ਨੂੰ ਮੈਂ ਆਪਣੇ ਕੋਲ ਰੱਖ ਲਿਆ ਹੈ। ਮੂਲ ਚੰਦ ਜਿੱਦ ਕਰਕੇ ਭਰਜਾਈ ਨੂੰ ਨਾਲ ਲੈ ਗਇਆ ਹੈ।

ਬੇਬੇ ਨੇ ਜਿੱਦ ਕੀਤੀ ਕਿ "ਜਦੋਂ ਤੂੰ ਘਰੋਂ ਨਿਕਲ ਹੀ ਚੱਲਿਆਂ ਹੈ ਤੇ ਮੇਰੀ ਅਰਜੋਈ ਹੈ ਕਿ ਗਾਹੇ ਬਿਗਾਹੇ ਮੈਨੂੰ ਦੀਦ ਦੇ ਜਾਇਆ ਕਰੀ। ਗੁਰੂ ਸਾਹਿਬ ਨੇ ਕਿਹਾ ਕਿ ਭੈਣੇ ਜਦੋਂ ਵੀ ਤੂੰ ਯਾਦ ਕਰੇਗੀ ਮੈਂ ਹਾਜਰ ਹੋ ਜਾਇਆ ਕਰਾਂਗਾ। ਬੇਬੇ ਬੋਲੀ ਹਾਂ ਨਾਨਕ ਓਂਜ ਤੂੰ ਤਾਂ ਹਰ ਸ਼ੈਅ ਵਿੱਚ ਮੈਨੂੰ ਨਜ਼ਰ ਆਉਨੈ ਏ। ਮੈਂ ਜਿੱਧਰ ਵੀ ਵੇਖਾਂ ਮੈਨੂੰ ਨਾਨਕ ਦੇ ਦਰਸ਼ਨ ਹੁੰਦੇ ਨੇ। ਤੂੰ ਤਾਂ ਘੱਟ ਘੱਟ, ਜ਼ਰੇ ਜ਼ਰੇ ਵਿੱਚ ਸਮਾਇਆ ਹੋਇਆ ਏ। ਪਰ ਫਿਰ ਵੀ ਕਦੀ ਜੀ ਕਰ ਆਉਂਦਾ ਤੇਰੀ ਇਹ ਵਾਲੀ ਸੂਰਤ ਵੇਖਣ ਨੂੰ। ਕਿਉਂਕਿ ਏਨੂੰ ਮੈਂ ਆਪਣੇ ਹੱਥੀ ਪਾਲਿਆ ਹੈ, ਵੱਡਿਆਂ ਹੁੰਦਾ ਵੇਖਿਆ ਹੈ। ਇਨੂੰ ਮੈਂ ਨਹਾਇਆ ਧੁਆਇਆ ਏ। ਮੈਂ ਤੇਰੇ ਦਰਸ਼ਨ ਹਰ ਸ਼ੈਅ ਵਿੱਚੋਂ ਕਰਦੀ ਆ ਪਰ ਕਦੀ ਜੀ ਕਰ ਆਉਂਦੇ ਤੇਰੇ ਨਾਲ ਗੱਲਾਂ ਕਰਨ ਨੂੰ। ਇਹ ਰੁੱਖ, ਇਹ ਪੰਛੀ, ਇਹ ਜਾਨਵਰ, ਇਹ ਜੀਅ ਬੋਲਦੇ ਨਹੀ। ਸਿਰਫ ਪਿਆਰ ਦਿੰਦੇ ਨੇ। ਤੂੰ ਮੈਨੂੰ ਇਨਸਾਨਾਂ ਵਿੱਚ ਵੀ ਦਿਸਦੈਂ ਪਰ ਇਹ ਹਉਮੇ ਭਰੇ ਨੇ। ਸੋ ਦੱਸ ਤੇਰੇ ਸਿਵਾ ਮੈਂ ਕਿਹਦੇ ਨਾਲ ਗੱਲ ਕਰਾਂ? ਇਹ ਤੇਰਾ ਜਿਸਮ, ਮੇਰਾ ਮੰਦਰ ਹੈ ਜਿੱਥੇ ਅਕਾਲ ਪੁਰਖ ਨਿਰੰਕਾਰ ਪ੍ਰਗਟ ਹੋਇਆ ਹੈ। ਮੈਨੂੰ ਜਿਆਦਾ ਦੇਰ ਇਸ ਮੰਦਰ ਤੋਂ ਨਾਂ ਵਿਛੋੜੀ। "

ਗੁਰੂ ਸਾਹਿਬ ਨੇ ਕਿਹਾ ਕਿ "ਭੈਣੇ ਤੈਨੂੰ ਕਿਹਾ ਹੈ ਨਾ ਕਿ ਜਦੋਂ ਯਾਦ ਕਰੇਗੀ ਤੇਰਾ ਵੀਰ ਤੇਰੇ ਕੋਲ ਹੋਵੇਗਾ। "

ਭੈਣ ਨੇ ਮਰਦਾਨੇ ਕੋਲੋ ਵਾਇਦਾ ਲਿਆ ਕਿ ਤੂੰ ਮੇਰੇ ਭਰਾ ਦਾ ਧਿਆਨ ਰੱਖੀ। ਪਿੱਛੇ ਅਸੀ ਤੇਰੇ ਟੱਬਰ ਦਾ ਸਾਰਾ ਖਿਆਲ ਰੱਖਾਂਗੇ। ਮੈਂ ਪਿਤਾ ਤੇ ਮਾਤਾ ਨੂੰ ਵੀ ਕਹਿ ਦੇਵਾਂਗੀ।

ਗੁਰੂ ਸਾਹਿਬ ਨੇ ਭੈਣ ਕੋਲੋਂ ਵਿਦਾਈ ਲਈ।

----◈-----

## ਫੇਰੂ ਵਾਲੀ ਰਬਾਬ

ਖੈਰ ਬਾਬਾ ਜੀ ਨੂੰ ਯਾਦ ਆ ਗਇਆ ਕਿ ਇਕ ਵੇਰਾਂ ਜਦੋਂ ਉਹ ਮੋਦੀਖਾਨਾ ਸਾਂਭਦੇ ਸਨ ਤਾਂ ਇਕ ਫੇਰੂ ਉਰਫ ਫਿਰੰਦਾ ਨਾਂ ਦਾ ਬੰਦਾ ਆ ਕੇ ਮਿਲਿਆ ਸੀ। ਉਹਦੇ ਕੋਲ ਰਬਾਬ ਸੀ ਜੋ ਕੁਦਰਤੀ



ਕਾਰਸੇਵਾ ਵਾਲਿਆਂ ਬਣਾ ਦਿਤਾ ਬੇਬੇ ਜੀ ਦਾ ਨਵਾ ਘਰ

ਤੌਰ ਤੇ ਰਬਾਬ ਦੀ ਸ਼ਕਲ ਦੇ ਲਕੜੀ ਦੇ ਮੁੱਢ ਵਿਚੋਂ ਘੜੀ ਹੋਈ ਸੀ। ਪਰ ਰਬਾਬ ਦੀ ਅਵਾਜ ਕਮਾਲ ਦੀ ਸੀ। ਬੰਦਾ ਸੀ ਵੀ ਗਿਆਨਵਾਨ ਤੇ ਰੱਬ ਦਾ ਪ੍ਰੇਮੀ। ਉਹ ਰਬਾਬ ਤੇ ਅਜਿਹੀ ਸੁਰ ਕੱਢਦਾ ਹੈ ਜਿਸ ਨਾਲ ਪਸ਼ੂ ਪੰਛੀ ਤੱਕ ਮੋਹੇ ਜਾਂਦੇ ਨੇ। ਬਾਬਾ ਜੀ ਨੇ ਮਰਦਾਨੇ ਨੂੰ ਕਿਹਾ ਕਿ ਜਾ ਉਸ ਕੋਲੋ ਰਬਾਬ ਲੈ ਕੇ ਆ। ਗੁਰੂ ਸਾਹਿਬ ਨੇ ਦੱਸਿਆ ਕਿ ਉਹਦਾ ਪਿੰਡ ਆਸ਼ਕ ਪੁਰ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਦੇ ਮੇਲ ਦੇ ਦਰਮਿਆਨ ਹੈ। ◉

ਜਿਥੇ ਬਿਆਸ ਅਤੇ ਸਤਲੁਜ ਦਾ ਮੇਲ ਹੁੰਦਾ ਹੈ ਉਹ ਤਿਰਕੋਣੀ ਇਲਾਕਾ ਸੁਲਤਾਨ ਪੁਰ ਤੋਂ ਕੋਈ 15 ਕੁ ਕਿ. ਮੀ. ਪੱਛਮ ਵਿਚ ਹੈ। ਇਲਾਕੇ ਵਿਚ ਉੱਚਾ ਉੱਚਾ ਸਰਕੰਡਾ ਉਹਨੀ ਦਿਨੀ ਆਮ ਸੀ। ਵਿਚਾਰਾ ਮਰਦਾਨਾ ਦੋ ਦਿਨ ਇਲਾਕੇ ਵਿੱਚ ਭਟਕਦਾ ਰਿਹਾ। ਅਖੀਰ ਭਾਈ ਫੇਰੂ ਨੂੰ ਕਿਸੇ ਨੇ ਕਿਹਾ ਕਿ ਕੋਈ ਬੰਦਾ ਸ਼ਾਇਦ ਤੁਹਾਨੂੰ ਹੀ ਲੱਭ ਰਿਹਾ ਹੈ ਨਾਂ ਤਾਂ ਕੋਈ ਹੋਰ ਲੈਂਦਾ ਪਰ ਨਾਲ ਦਸਦਾ ਹੈ ਕਿ ਰਬਾਬ ਲੈਣ ਆਇਆ ਹਾਂ। ਸੋ ਸਾਡਾ ਅੰਦਾਜ਼ਾ ਹੈ ਕਿ ਉਹ ਤੁਹਾਨੂੰ ਹੀ ਲੱਭ ਰਿਹਾ ਹੋਵੇਗਾ।

ਇਹ ਸੁਣ ਕੇ ਹੁਣ ਉਲਟਾ ਭਾਈ ਫੇਰੂ ਨੇ ਜਾ ਮਰਦਾਨੇ ਨੂੰ ਲੱਭਿਆ ਤੇ ਪੁੱਛਿਆ ਭਾਈ ਕਿਹਦੀ ਤਲਾਸ਼ ਕਰ ਰਿਹਾ ਤੂੰ? ਮਰਦਾਨੇ ਨੇ ਸਾਰੀ ਗੱਲ ਦੱਸੀ ਕਿ ਮੈਨੂੰ ਨਵਾਬ ਦੌਲਤ ਖਾਂ ਲੋਧੀ ਦੇ ਸਾਬਕਾ ਮੋਦੀ ਨਾਨਕ ਨਿਰੰਕਾਰੀ ਨੇ ਘੱਲਿਆ ਹੈ। ਨਾਨਕ ਦਾ ਨਾਂ ਸੁਣਦਿਆਂ ਹੀ ਫੇਰੂ ਦੇ ਕਲੇਜੇ ਵਿੱਚ ਇੱਕ ਦਮ ਠੰਡ ਪੈ ਗਈ। ਕਹਿੰਦਾ ਹਾਂ ਯਾਦ ਆ ਗਇਆ ਮੈਂ ਸੁਲਤਾਨ ਪੁਰ ਮਿਲਿਆ ਸੀ ਉਹਨਾਂ ਨੂੰ। ਫੇਰੂ ਨੇ ਮਰਦਾਨੇ ਦੀ ਸੇਵਾ ਕੀਤੀ। ਲੰਗਰ ਪਾਣੀ ਛਕਾਇਆ ਤੇ ਅਰਾਮ ਕਰਵਾ ਕੇ ਥਕਾਵਟ ਲਾਹ ਕੇ ਕਹਿਣ ਲੱਗਾ ਮਰਦਾਨਿਆ ਮੈਂ ਤੇਰੇ ਨਾਲ ਚਲਦਾ। ਮੇਰਾ ਵੀ ਜੀਅ ਕਰਦਾ ਉਸ ਮਹਾਪੁਰਖ ਦੇ ਫਿਰ ਦਰਸ਼ਨ ਕਰਾਂ।





ਭਾਈ ਫੇਰੂ ਰਬਾਬ ਲੈ ਆ ਖਰਬੂਜੇ ਸ਼ਾਹ ਦੇ ਅੱਡੇ ਤੇ ਪਹੁੰਚੇ। ਬਾਬਾ ਨਾਨਕ ਤਾਂ ਪਹਿਲਾਂ ਹੀ ਉਡੀਕ ਕਰ ਰਿਹਾ ਸੀ। ਫਿਰੰਦੇ ਦੀ ਹਾਜਰੀ ਵਿੱਚ ਹੀ ਮਰਦਾਨੇ ਨੇ ਤਾਣ ਛੇੜੀ। "ਤੂੰ ਹੀ ਨਿਰੰਕਾਰ" "ਧੰਨ ਨਿਰੰਕਾਰ" "ਸਤ ਕਰਤਾਰ" "ਨਾਨਕ ਤੇਰਾ ਦਾਸ" । ਸਾਰੀ ਸੰਗਤ ਨੇ ਵੀ 'ਧੰਨ ਨਿਰੰਕਾਰ' 'ਧੰਨ ਨਿਰੰਕਾਰ' ਦਾ ਨਿਰੰਤਰ ਅਵਾਜਾ ਕੱਢਿਆ। ਅਜਿਹੀ ਧੁੰਨ ਉਠੀ ਕਿ ਸਾਰਾ ਵਾਤਾਵਰਨ

ਪੈੜ ਸਫ਼ਾ

## ਜਦੋਂ ਇਸ ਬੋਹੜ ਦੇ ਤਿੰਨ ਪੱਤਿਆਂ ਪਿੱਛੇ 16 ਕੀਮਤੀ ਜਾਨਾਂ ਗਈਆਂ

ਬੇਬੇ ਨਾਨਕੀ ਦੇ ਘਰ ਜਿਹੜਾ ਬੋਹੜ ਹੈ ਉਸ ਨਾਲ ਸਬੰਧਿਤ 26 ਅਪ੍ਰੈਲ 1933 ਦੀ ਘਟਨਾ ਹੈ। ਮੁਹੱਰਮ ਦਾ ਜਲੂਸ ਨਿਕਲਣਾ ਸੀ। ਓਦੋਂ ਕਪੂਰਥਲਾ ਰਿਆਸਤ ਦਾ ਪ੍ਰਧਾਨ ਮੰਤਰੀ ਅਬਦੁਲ ਹਮੀਦ ਸੀ। ਹਿੰਦੂ ਉਸ ਦੇ ਖਿਲਾਫ ਸਨ। ਓਧਰ ਬੇਗੋਵਾਲੀਏ ਮੁਸਲਮਾਨ ਵੀ ਕਪੂਰਥਲਾ ਰਿਆਸਤ ਤੇ ਆਪਣਾ ਹੱਕ ਜਮਾ ਰਹੇ ਸਨ। ਕਹਿਣ ਤੋਂ ਮਤਲਬ ਰਿਆਸਤ ਦੇ ਰਾਜਨੀਤਕ ਹਾਲਾਤ ਚੰਗੇ ਨਹੀ ਸਨ। ਅਜਿਹੇ ਵਿਚ ਲੀਡਰ ਆਨੇ ਬਹਾਨੇ ਨਾਲ ਬਗਾਵਤ ਵਾਲੇ ਮਹੌਲ ਪੈਦਾ ਕਰ ਦਿੰਦੇ ਨੇ।

ਸੋ ਮੁਹੱਰਮ ਦੇ ਜਲੂਸ ਵਿਚ ਉਚੇ ਉਚੇ ਤਾਜੀਏ ਨਿਕਲਣੇ ਸਨ। ਐਤਕਾਂ ਮੁਸਲਮਾਨਾਂ ਨੇ ਜਲੂਸ ਦਾ ਰੂਟ ਬਦਲਕੇ ਉਸ ਗਲੀ ਥਾਂਣੀ ਕੱਢਣ ਦਾ ਵਿਚਾਰ ਕੀਤਾ ਜਿਸ ਵਿਚ ਬੇਬੇ ਨਾਨਕੀ ਦਾ ਘਰ ਆਉਦਾ ਹੈ। ਸੁਲਤਾਨ ਪੁਰ ਦੀ ਮਿਉਨਿਸਪੈਲਿਟੀ ਤੇ ਮੁਸਲਮਾਨਾਂ ਦਾ ਕਬਜ਼ਾ ਸੀ। ਜਲੂਸ ਦੇ ਰਸਤੇ ਦੀ ਜਿਵੇ ਤਿਆਰੀ ਹੋ ਰਹੀ ਸੀ ਰਾਹ ਸਾਫ ਤੇ ਪੱਧਰੇ ਕੀਤੇ ਜਾ ਰਹੇ ਸਨ ਤਾਂ ਮਿਉਨਿਸਪਲ ਮੁਲਾਜਮਾਂ ਨੇ ਮਹਿਸੂਸ ਕੀਤਾ ਕਿ ਰਸਤੇ ਵਿਚ ਬੋਹੜ ਆ ਰਿਹਾ ਹੈ ਜਿਸ ਦੇ ਘੱਟੋ ਘੱਟ ਤਿੰਨ ਢਾਹਣ ਵੱਢਣੇ ਪੈਣਗੇ। ਓਥੇ ਮੌਜੂਦ ਹਿੰਦੂ ਸਿੱਖਾਂ ਨੇ ਉਹ ਢਾਹਣ (ਸਾਖਾਂ) ਵੱਢਣ ਦਾ ਵਿਰੋਧ ਕਰ ਦਿੱਤਾ। ਅਖੇ ਇਹ ਬੇਬੇ ਨਾਨਕੀ ਦੇ ਘਰ ਦਾ ਇਤਹਾਸਿਕ ਬੋਹੜ ਹੈ ਇਸ ਨੂੰ ਹਰਗਿਜ਼ ਨਹੀ ਵੱਢਿਆ ਜਾ ਸਕਦਾ।




ਦੂਸਰੇ ਪਾਸੇ ਮੁਸਲਮਾਨਾਂ ਨੇ ਵੀ ਜ਼ਿੱਦ ਫੜ੍ਹ ਲਈ ਕਿਉਕਿ ਭੜਕਾਇਆ ਵੀ ਜਾ ਰਿਹਾ ਸੀ। ਅਖੀਰ ਤੇ ਮਸਲਾ ਹੱਲ ਕਰਨ ਲਈ ਦੋਵਾਂ ਫਿਰਕਿਆਂ ਨੂੰ ਇਕੱਠਿਆਂ ਅੰਗਰੇਜ ਅਫਸਰ ਕਰਨਲ ਫਿਸ਼ਰ ਦੇ ਦਫਤਰ ਸੱਦਿਆ ਗਇਆ।

ਓਥੇ ਮੁਸਲਮਾਨਾਂ ਨੇ ਫਿਸ਼ਰ ਨੂੰ ਸਮਝਾਇਆ ਕਿ ਵੇਖੋ ਇਹ ਜਲੂਸ ਹਰ ਸਾਲ ਨਿਕਲਦਾ ਹੈ ਇਸ ਨੂੰ ਕਿਸੇ ਕੀਮਤ ਤੇ ਰੋਕਿਆ ਨਹੀ ਜਾ ਸਕਦਾ। ਫਿਸ਼ਰ ਨੇ ਮੁਸਲਮਾਨਾਂ ਨੂੰ ਸਲਾਹ ਦਿੱਤੀ ਕਿ ਜਿਸ ਪਾਸੇ ਵਿਰੋਧਤਾ ਹੋ ਰਹੀ ਹੈ ਉਧਰ ਜਲੂਸ ਨਾਂ ਖੜਿਆ ਜਾਵੇ। ਮੁਸਲਮਾਨਾਂ ਕਿਹਾ ਕਿ ਹਰ ਸਾਲ ਜਲੂਸ ਨਿਕਲਦਾ ਹੈ ਐਤਕਾਂ ਹੀ ਹਿੰਦੂ-ਸਿੱਖਾਂ ਨੂੰ ਮੁਸ਼ਕਲ ਕੀ ਹੈ?

ਹਿੰਦੂ -ਸਿੱਖ ਇਸ ਗਲ ਤੋਂ ਮੁਨੱਕਰ ਸਨ ਕਿ ਜਲੂਸ ਇਸ ਪਾਸਿਓਂ ਦੀ ਨਿਕਲਦਾ ਰਿਹਾ ਹੈ। ਮੁਸਲਮਾਨ ਬਜ਼ਿੱਦ ਸਨ।

ਫਿਰ ਫਿਸ਼ਰ ਨੇ ਮੁਸਲਮਾਨਾਂ ਨੂੰ ਪੁੱਛਿਆ ਕਿ ਜਿਵੇ ਪਿਛਲੇ ਸਾਲ ਜਲੂਸ ਕੱਢਿਆ ਸੀ ਐਤਕਾਂ ਵੀ ਓਸੇ ਤਰਾਂ ਤਾਜੀਏ ਨੀਵੇ ਕਰਕੇ ਕੱਢ ਲਓ।

ਮੁਸਲਮਾਨ ਕਹਿਣ ਕੇ ਤਾਜੀਏ ਨੀਵੇ ਨਹੀ ਹੋ ਸਕਦੇ।

ਫਿਸ਼ਰ ਕਹਿੰਦਾ ਪਿਛਲੇ ਸਾਲ ਕਿਵੇ ਕੱਢੇ ਸਨ? ਮੁਸਲਮਾਨ ਕਹਿਣ ਲੱਗੇ ਜੀ ਓਦੋਂ ਬੋਹੜ ਦੀਆਂ ਟਹਿਣੀਆਂ ਵੱਡੀਆਂ ਨਹੀ ਸਨ।

ਓਥੇ ਸਿੱਖਾਂ ਹਿੰਦੂਆਂ ਕਿਹਾ ਕਿ "ਜਨਾਬ ਉਹ ਬਹੁਤ ਵੱਡੇ ਢਾਹਣ ਹਨ। ਜਿਹੜੇ ਘੱਟੋ ਘੱਟ 10-15 ਸਾਲਾਂ ਤੋਂ ਹੋਣਗੇ। ਉਨਾਂ ਕਿਹਾ ਕਿ ਮੁਸਲਮਾਨ ਝੂਠ ਬੋਲਦੇ ਹਨ। "

ਇਸ ਗਲ ਤੇ ਆ ਕੇ ਮੁਸਲਮਾਨ ਝੂਠੇ ਪੈ ਗਏ ਕਿਉਕਿ ਢਾਹਣ ਸੱਚ ਮੁੱਚ ਪੁਰਾਣੇ ਸਨ। ਪਰ ਇਸ ਦੇ ਬਾਵਜੂਦ ਮੁਸਲਮਾਨਾਂ ਨੇ ਜ਼ਿੱਦ ਫੜ ਲਈ ਕਿ ਜਲੂਸ ਬੇਬੇ ਨਾਨਕੀ ਘਰ ਪਾਸਿਓਂ ਹੀ ਕੱਢਣਾ ਹੈ। ਓਧਰ ਕਰਨਲ ਫਿਸ਼ਰ ਵੀ ਅੜ ਗਇਆ।

ਓਦੋਂ ਫਿਰ ਕੁਝ ਸੁਹਿਰਦ ਸੱਜਣਾਂ ਨੇ ਸੁਲਾਹ ਸਫਾਈ ਕਰਾਉਣ ਦੀ ਕੋਸ਼ਿਸ਼ ਕੀਤੀ। ਮੁਸਲਮਾਨ ਲੀਡਰਾਂ ਨੇ ਕਹਿ ਦਿੱਤਾ ਕਿ ਠੀਕ ਹੈ ਅਸੀ ਓਧਰ ਜਲੂਸ ਨਹੀ ਖੜਦੇ ਜੇ ਹਿੰਦੂ-ਸਿੱਖ ਸਾਨੂੰ ਇਸ ਬੋਹੜ ਦੇ ਤਿੰਨ ਪੱਤੇ ਤੋੜਨ ਦੀ ਇਜਾਜਤ ਦੇ ਦੇਣ। ਹਿੰਦੂ-ਸਿੱਖ ਇਹ ਸ਼ਰਤ ਵੀ ਮੰਨਣ ਨੂੰ ਤਿਆਰ ਨਾਂ ਹੋਏ।

ਗਲ ਸਾਫ ਸੀ ਕਿ ਇਹ ਦੋਵਾਂ ਪਾਸਿਆਂ ਦਾ ਵੱਕਾਰ ਦਾ ਮਸਲਾ ਬਣ ਚੁੱਕਾ ਸੀ।

ਮੁਹੱਰਮ ਵਾਲੇ ਦਿਨ ਫਿਰ ਜਲੂਸ ਨਿਕਲਿਆ। ਕੁਝ ਸ਼ਰਾਰਤੀਆਂ ਨੇ ਕਰਨਲ ਫਿਸ਼ਰ ਵਲ ਰੋੜੇ ਇੱਟਾਂ ਚਲਾ ਦਿੱਤੇ। ਜਿਸ ਤੇ ਮੌਕੇ ਦੇ ਮੈਜਿਸਟ੍ਰੇਟ ਨੇ ਜੋ ਖੁੱਦ ਮੁਸਲਮਾਨ ਸੀ ਲਿਖਤੀ ਹੁਕਮ ਦੇ ਦਿਤਾ ਕਿ ਇਸ ਹਾਲਤ ਵਿਚ ਪੁਲਿਸ ਭੀੜ ਤੇ ਕੰਟਰੋਲ ਕਰਨ ਲਈ ਗੋਲੀ ਚਲਾ ਸਕਦੀ ਹੈ।

ਜਿਵੇ ਫਿਰ ਜਲੂਸ ਬੇਬੇ ਨਾਨਕੀ ਦੇ ਘਰ ਵੱਲ ਵਧਣ ਲੱਗਾ ਤਾਂ ਫਿਸ਼ਰ ਨੇ ਇਕ ਰੋਕ (ਬੈਰੀਅਰ) ਲਵਾ ਦਿਤਾ ਕਿ ਇਸ ਤੋਂ ਅੱਗੇ ਜਿਹੜਾ ਵਧੇਗਾ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ।

ਇਹਦੇ ਬਾਵਜੂਦ ਹਥਿਆਰਾਂ ਨਾਲ ਲੈਸ ਮੁਸਲਮਾਨਾਂ ਨੇ ਉਹ ਰੋਕ ਟੱਪਣੀ ਸ਼ੁਰੂ ਕਰ ਦਿਤੀ। ਪੁਲਿਸ ਨੇ ਗੋਲੀ ਚਲਾ ਦਿੱਤੀ। ਜਿਸ ਵਿਚ 16 ਮੌਤਾਂ ਹੋਈਆਂ। ਉਂਜ ਸਰਕਾਰੀ ਤੌਰ ਤੇ ਸਿਰਫ 4 ਮੌਤਾਂ ਹੀ ਦੱਸੀਆਂ ਗਈਆਂ।

ਕੁਝ ਅਜਿਹੇ ਜਿਹੇ ਨਫਰਤ ਅਤੇ ਬੇਵਕੂਫੀ ਭਰੇ ਮਹੌਲ ਹੋਇਆ ਕਰਦੇ ਸਨ ਉਹਨੀ ਦਿਨੀ ਜਿਸ ਦਾ ਨਤੀਜਾ ਫਿਰ ਮੁਲਕ ਦੀ ਵੰਡ ਵਿਚ ਨਿਕਲਿਆ ਭਾਵ 10 ਲੱਖ ਲੋਕਾਂ ਦੀ ਮੌਤ ਅਤੇ ਕ੍ਰੋੜ ਲੋਕਾਂ ਦੀ ਹਿਜਰਤ। ਜਰੂਰਤ ਹੈ ਸਮਾਜ ਇਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਕਰੇ। ਬੇਗੁਨਾਹ ਇਨਸਾਨਾਂ ਦੇ ਹੱਡ ਬਾਲ ਕੇ ਲੀਡਰਾਂ ਹਮੇਸ਼ਾਂ ਰੋਟੀਆਂ ਸੇਕਦੇ ਆਏ ਹਨ।



**ਗੁਰਦੁਆਰਾ ਰਬਾਬਸਰ ਭਰੋਆਣਾ**

ਗੂੰਜ ਤੇ ਝੂਮ ਉਠਿਆ।

----◆-----

## ਜਦੋਂ ਮਰਦਾਨੇ ਨੇ ਅੱਗੇ ਜਾਣ ਤੋਂ ਨਾਹ ਕਰ ਦਿੱਤੀ

ਭੈਣ ਕੋਲੋ ਵਿਦਾਈ ਲੈ ਕੇ ਬਾਬਾ ਤੇ ਮਰਦਾਨਾ ਫਿਰ ਸ਼ਹਿਰੋ ਬਾਹਰ ਆ ਨਾਲ ਦੇ ਕਿਸੇ ਸ਼ਹਿਰ ਕਸਬੇ ਵਲ ਰਵਾਨਾ ਹੋ ਗਏ। ਨਾਲਦੇ ਸ਼ਹਿਰ ਵਿੱਚ ਵੀ ਮਰਦਾਨੇ ਨੇ ਰਬਾਬ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਇਸ ਇਲਾਕੇ ਵਿੱਚ ਘੱਟ ਹੀ ਕੋਈ ਰਬਾਬ ਘੜਦਾ ਸੀ। ਇੱਕ ਦਿਨ ਕਿਸੇ ਢਾਡੀ ਕੋਲ ਵੇਖੀ ਤੇ ਢਾਡੀ ਨਾਲ ਜਦੋਂ ਗੱਲ ਬਾਤ ਕੀਤੀ ਤੇ ਉਸ ਨੇ ਸਗੋਂ ਮਰਦਾਨੇ ਨੂੰ ਹੁੱਜਤਾਂ ਕੀਤੀਆਂ ਕਿ "ਕਿਹਦੇ ਮਗਰ ਲੱਗਾਂ ਫਿਰਦਾਂ ਉਹ ਕਮਲਾ ਨਾਨਕ ਜਿੰਨੇ ਮੋਦੀਖਾਨਾ ਹੀ ਲੁੱਟਾ ਦਿੱਤਾ ਸੀ। ਉਹ ਕੁਰਾਹੀਆ ਜਿਹੜਾ ਕਹਿੰਦਾ ਨਾ ਕੋਈ ਹਿੰਦੂ ਨਾ ਮੁਸਲਮਾਨ।" ਮਰਦਾਨੇ ਨੇ ਆ ਕੇ ਸਾਰੀ ਗੱਲ ਬਾਬਾ ਜੀ ਨੂੰ ਦੱਸੀ। ਗੁਰੂ ਸਾਹਿਬ ਨੇ ਬੜਾ ਸੰਤੋਖ ਜਿਤਾਇਆ ਕਿ ਮਰਦਾਨਿਆ ਇਹ ਖੁਸ਼ੀ ਦੀ ਗੱਲ ਹੈ। ਨਿਰੰਕਾਰ ਸਾਡੇ ਤੇ ਮਿਹਰਬਾਨ ਹੈ। ਸਾਡਾ ਸੁਨੇਹਾ ਦੂਰ ਦੂਰ ਤੱਕ ਪਹੁੰਚ ਰਿਹਾ ਹੈ।

ਅਗਲੇ ਦਿਨ ਸਵੇਰੇ ਬਾਬਾ ਤੇ ਮਰਦਾਨਾ ਲੱਗਦਾ ਜਲੰਧਰ ਵਾਲੇ ਪਾਸੇ ਨੂੰ ਨਿਕਲ ਗਏ। ਰਾਹ ਵਿੱਚ ਅਬਾਦੀ ਘੱਟ ਹੀ ਨਜ਼ਰ ਆਈ। ਇੱਕ ਥਾਂ ਅਰਾਮ ਕਰਨ ਲਈ ਰੁੱਖ ਥੱਲੇ ਬਹਿ ਗਏ। ਬਾਬੇ ਨੇ ਕਿਹਾ ਕਿ ਮਰਦਾਨਿਆ ਛੇੜ ਹਾਂ ਜਰਾ ਤਾਰ। ਬਾਣੀ ਆ ਰਹੀ ਹੈ।

ਮਾਰੂ ਮਹਲਾ ੧ ॥ ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥ ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ

ਪੈੜ ਸਫਾ

⊙ ਹਰੀਕੇ ਪੱਤਣ/ ਮਖੂ ਦੇ ਦੂਸਰੇ ਪਾਸੇ ਜਿੱਥੇ ਦੋਵੇਂ ਦਰਿਆ ਸਤਲੁਜ ਅਤੇ ਬਿਆਸ ਮਿਲਦੇ ਹਨ ਦੇ ਲਾਗੇ ਦੋਵਾਂ ਦਰਿਆਵਾਂ ਦਰਮਿਆਨ ਕੋਈ ਪਿੰਡ ਆਸ਼ਕ ਪੁਰ ਹੁੰਦਾ ਸੀ। ਉਹ ਪਿੰਡ ਅੱਜ ਤਾਂ ਮੌਜੂਦ ਨਹੀ ਹੈ ਪਰ ਗੁਰਸਿੱਖਾਂ ਨੇ ਸਾਰਾ ਹਿਸਾਬ ਲਾ ਪਿੰਡ ਭਰੋਆਣਾ ਵਿਖੇ ਰਬਾਬਸਰ ਗੁਰਦੁਆਰਾ ਤਾਮੀਰ ਕੀਤਾ ਹੈ। ਯਾਦ ਰਹੇ ਇਸ ਇਲਾਕੇ ਵਿਚ ਅਕਸਰ ਹੜ੍ਹ ਆਉਦੇ ਰਹਿੰਦੇ ਹਨ। ਕੁਦਰਤੀ ਹੈ ਪਿੰਡ ਵਸਦੇ ਤੇ ਤਬਾਹ ਹੁੰਦੇ ਆਏ ਹਨ। ਆਸਕ ਪੁਰ ਵੀ ਏਸੇ ਤਰਾਂ ਕਦੀ ਤਬਾਹ ਹੋ ਗਿਆ ਹੋਵੇਗਾ। ਪਿੰਡ ਭਰੋਆਣਾ ਸੁਲਤਾਨਪੁਰ ਤੋਂ ਨੱਕ ਦੀ ਸੇਧ ਤੇ 12 ਕਿ. ਮੀ. ਪੱਛਮ ਵਿਚ ਪੈਂਦਾ ਹੈ।

ਕਬਹੂ ਨ ਪਾਵਸਿ ਸੇਵਾ ਕਰਣੀ ਸਾਰੀ ॥੨॥ ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥

ਕੀਰਤਨ ਤੋਂ ਬਾਦ ਧੰਨ ਨਿਰੰਕਾਰ ਦੀ ਧੁੰਨ ਦੇ ਪਿੱਛੋ ਬਾਬੇ ਦੀ ਲਿਵ ਕਰਤਾਰ ਨਾਲ ਅਜਿਹੀ ਲੱਗੀ ਕਿ ਓਥੇ ਹੀ ਸ਼ਾਮ ਤੇ ਫਿਰ ਓਥੇ ਵੀ ਰਾਤ ਗੁਜਾਰੀ। ਭਾਈ ਮਰਦਾਨਾ ਨੇ ਲਾਗੇ ਚਾਗੇ ਦੇ ਜੰਗਲ ਵਿੱਚੋਂ ਫਲ ਫੁੱਲ ਖਾ ਕੇ ਰਾਤ ਲੰਘਾਈ। ਸਵੇਰੇ ਮੂੰਹ ਮਨ੍ਹੇਰੇ ਅੰਮ੍ਰਿਤ ਵੇਲੇ ਬਾਬੇ ਨੇ ਅਸ਼ਨਾਨ ਕੀਤਾ ਤੇ ਫਿਰ ਮਰਦਾਨੇ ਨੂੰ ਸਾਵਧਾਨ ਹੋਣ ਵਾਸਤੇ ਕਹਿ ਦਿੱਤਾ। ਦਿਨ ਚੜ੍ਹੇ ਜਲੰਧਰ ਵਲ ਚਾਲੇ ਪਾ ਦਿੱਤੇ। ਅੱਗੇ ਕੋਈ ਪਿੰਡ ਆਇਆ ਤੇ ਕਿਸੇ ਦਿਆਵਾਨ ਨੇ ਕੁਝ ਲੱਸੀ ਆਦਿ ਛਕਾਉਣੀ ਚਾਹੀ ਤਾਂ ਮਰਦਾਨੇ ਨੇ ਕਹਿ ਦਿੱਤਾ ਕੇ ਚੰਗਾ ਹੋਵੇ ਜੇ ਕਿਤੇ ਰਾਤ ਦਾ ਬਚਿਆ ਫੁੱਲਕਾ ਵੀ ਮਿਲ ਜਾਵੇ। ਅਗਲਿਆਂ ਲੰਗਰ ਬਣਾ ਕੇ ਮਰਦਾਨੇ ਦੀ ਤਸੱਲੀ ਕਰਾ ਦਿੱਤੀ। ਬਾਬੇ ਨੇ ਨਿਰੰਕਾਰ ਦਾ ਉਪਦੇਸ਼ ਦਿੱਤਾ ਤੇ ਅੱਗੇ ਚਲਦੇ ਬਣੇ।

ਜਲੰਧਰ ਵਿਖੇ ਸਾਧਾਂ ਦੇ ਕਈ ਮੱਠ ਸਨ ਜਿਸ ਕਰਕੇ ਦੋ ਚਾਰ ਦਿਨ ਬਾਬਾ ਜੀ ਦੇ ਵਖਿਆਨ ਚਲਦੇ ਰਹੇ। ਜਿਆਦਾ ਜੋਗੀਆਂ ਦੇ ਡੇਰੇ ਸਨ ਜਿਸ ਕਰਕੇ ਜੋਗਮਤ ਦੇ ਨਾਦ-ਜੋਤ ਨਾਲ ਸਬੰਧਤ ਗੱਲਾਂ ਹੋਈਆਂ। ਕਈ ਜੋਗੀ ਗੁਰੂ ਸਾਹਿਬ ਦੇ ਚਰਨੀ ਲੱਗੇ। ਫਿਰ ਕੁਝ ਦਿਨਾਂ ਬਾਦ ਘੁੰਮਦੇ ਫਿਰਦੇ ਭਾਗੀਰਥ ਆਦਿ ਸ਼ਰਧਾਲੂਆਂ ਨੂੰ ਮਿਲਦੇ ਹੋਏ ਵਾਪਸ ਸੁਲਤਾਨ ਪੁਰ ਆ ਨਿਕਲੇ। ਸੁਲਤਾਨਪੁਰ ਆਉਣ ਦੀ ਦੇਰ ਸੀ ਤਾਂ ਮਰਦਾਨੇ ਨੇ ਬਗਾਵਤ ਕਰ ਦਿੱਤੀ। ਕਹਿੰਦਾ ਕਿ "ਬਾਬਾ ਮੈਂ ਨਹੀ ਤੇਰੇ ਨਾਲ ਨਿਬਾਹ ਸਕਾਂਗਾ। ਸਾਰਾ ਸਾਰਾ ਦਿਨ ਪੈਂਡਾ ਕਰਨਾਂ ਤੇ ਰਾਤ ਨੂੰ ਭੁੱਖੇ ਸਾਉਣਾ ਉਹ ਵੀ ਉਜਾੜ ਬੀਆਬਾਨਾਂ ਵਿੱਚ। ਬਾਬਾ ਨਾਂ ਤੈਨੂੰ ਭੁੱਖ ਹੈ। ਨਾਂ ਨੀਂਦ ਹੈ। ਨਾਂ ਥਕੇਵਾਂ ਹੈ। ਪਤਾ ਨਹੀ ਬਾਬਾ ਤੂੰ ਕਾਹਦਾ ਬਣਿਐ? ਬਾਬਾ ਜਾਂ ਤਾਂ ਮੈਨੂੰ ਵੀ ਆਪਣੇ ਵਰਗਾ ਕਰ ਲੈ ਜਾਂ ਫਿਰ ਮੈਨੂੰ ਛੁੱਟੀ ਬਖਸ਼ ਦੇ।"

ਬਾਬੇ ਨੇ ਮਰਦਾਨੇ ਨੂੰ ਕਿਹਾ, "ਮਰਦਾਨਿਆ ਜੇ ਨਿਰੰਕਾਰ ਦੀ ਬਖਸ਼ਸ਼ ਹੋਵੇ ਤਾਂ ਇਸ ਵਿਚ ਅਨੰਦ ਹੀ ਅਨੰਦ ਹੈ, ਨਹੀ ਤਾਂ ਇਸ ਪੰਧ ਵਿੱਚ ਤਾਂ ਦੁੱਖ ਤੇ ਭੁੱਖ ਹੀ ਹੈ। ਇਨਾਂ ਤੋਂ ਛੁਟਕਾਰਾ ਤਾਂ ਨਿਰੰਕਾਰ ਦੇ ਹੱਥ ਹੈ। ਕਿਸ ਤੇ ਉਹ ਬਖਸ਼ਸ਼ ਕਰਦਾ ਕਿਸ ਤੇ ਨਹੀ। ਇਹ ਕਿਸੇ ਦੇ ਵੱਸ 'ਚ ਨਹੀ। ਮੇਰਾ ਸਰੀਰ ਵੀ ਹੱਡ ਮਾਸ ਦਾ ਪੁੱਤਲਾ ਹੈ। ਮੈਨੂੰ ਵੀ ਭੁੱਖ ਲੱਗਦੀ ਹੈ। ਪਰ ਕਰਤਾਰ ਨੇ ਮੈਨੂੰ ਸਬਰ ਸੰਤੋਖ ਬਖਸ਼ਿਆ ਹੈ। ਤੂੰ ਉਸ ਖੁਦਾ ਅੱਗੇ ਅਰਜੋਈ ਕਰ ਲਿਆ ਕਰ ਕਿ ਨਿਰੰਕਾਰ ਸੰਤੋਖ ਬਖਸ਼ੇ। ਪੈਂਡਾ ਬਿਖੜਾ ਹੈ, ਭੁੱਖ ਨੰਗ ਹੈ। ਪਰ ਸਾਡੇ ਕੋਲ ਅਰਦਾਸ ਦਾ ਹਥਿਆਰ ਮੌਜੂਦ ਹੈ। ਉਸ ਦੀ ਵਰਤੋਂ ਕਰਨਾਂ ਸਿੱਖਣਾ ਪਵੇਗਾ। ਬਾਕੀ ਯਾਦ ਰੱਖੀ, ਸਭ ਕੁਝ ਗੁਰਮੁਖ ਦੇ ਚਰਨਾਂ ਵਿੱਚ ਹੁੰਦਾ ਹੈ। ਰਾਜ ਭਾਗ ਮਿਲਖਾਂ ਸਰਦਾਰੀਆਂ ਸਿਕਦਾਰੀਆਂ ਸਭ ਕੁਝ।"

ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥

ਸੋ ਜੇ ਇਹ ਮੰਨ ਨੂੰ ਮਾਰ ਸਕਦੈ ਤਾਂ ਚਲ ਨਹੀ ਤਾਂ ਰਹੁ ਭਾਈ।

ਪਉੜੀ ॥ ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥ ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥ ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥ ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥ ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥

ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਜਦੋਂ ਕਿਸੇ ਨਾਲ ਮੁਹੱਬਤ ਹੋ ਜਾਏ ਤਾਂ ਭੁਖ ਤ੍ਰੇਹ ਨਹੀ ਲਗਦੀ। ਜਦੋਂ ਨਾਮ ਦਾ ਰਸ ਆਉਣਾ ਸ਼ੁਰੂ ਹੋ ਗਇਆ ਤਾਂ ਭੁੱਖ ਤ੍ਰੇਹ ਜਾਂਦੀ ਰਹੇਗੀ।

ਸਭ ਸੋਚ ਸਮਝ ਕੇ ਮਰਦਾਨਾ ਹੱਥ ਖੜੇ ਕਰ ਦਿੰਦਾ। "ਨਹੀ ਮੇਰੇ ਕੋਲੋ ਇਹ ਭੁੱਖ ਨਹੀ ਜਰੀ ਜਾਂਦੀ। ਬਾਬਾ ਮੈਨੂੰ ਮਾਫ ਕਰਦੇ। ਆਹ ਸਾਂਭ ਆਪਣੀ ਰਬਾਬ। "

ਬਾਬੇ ਨੇ ਮਰਦਾਨੇ ਨੂੰ ਕਿਹਾ, "ਚੰਗਾ ਮਰਦਾਨਿਆ। ਪਰ ਇੱਕ ਕੰਮ ਕਰ। ਆਹ ਰਬਾਬ ਬੇਬੇ ਨਾਨਕੀ ਕੋਲ ਪਹੁੰਚਾ ਦੇ। ਜੇ ਕੋਈ ਹੋਰ ਰਬਾਬੀ ਮਿਲ ਗਇਆ ਤਾਂ ਬੇਬੇ ਕੋਲੋ ਅਸੀ ਮੰਗਵਾ ਲਵਾਂਗੇ। "

ਮਰਦਾਨਾ ਗਇਆ ਬੇਬੇ ਦੇ ਘਰ। ਤੁਲਸਾਂ ਨੇ ਬੇਬੇ ਨੂੰ ਖਬਰ ਦਿੱਤੀ ਕਿ ਮਰਦਾਨਾ ਆਇਆ। ਬੇਬੇ ਨੇ ਉਤੇ ਸੱਦਿਆ ਤੇ ਪੁੱਛਿਆ ਕਿ ਮਰਦਾਨਿਆ ਇਕੱਲੇ ਕਿਓ ਆਇਓ? ਮਰਦਾਨੇ ਨੇ ਸਾਰੀ ਗੱਲ ਦੱਸੀ ਕਿ "ਭੁੱਖੇ ਰਹਿਣਾ ਮੇਰੇ ਵੱਸ ਵਿੱਚ ਨਹੀ । ਬਾਬਾ ਤਾਂ ਭੁੱਖ ਤ੍ਰੇਹ ਤੋਂ ਉੱਤੇ ਹੈ। "

ਇਹ ਸੁਣਦੇ ਸਾਰ ਬੇਬੇ ਜੀ ਦੇ ਦਿਲ ਨੂੰ ਧੂ ਪਈ। ਹਿਰਦਾ ਟੁੰਬਿਆ ਗਿਆ। "ਹਾਏ! ਕੀ ਮੇਰਾ ਵੀਰ ਇਕੱਲਾ ਹੀ ਜੰਗਲਾਂ ਬੇਲਿਆਂ ਵਿੱਚ ਫਿਰੇਗਾ? ਨਾਂ ਮਰਦਾਨਿਆ ਇਸ ਤਰਾਂ ਨਾਂ ਕਰ। ਨਾਨਕ ਨੂੰ ਇਕੱਲਾ ਨਾਂ ਛੱਡ। ਵੇਖ ਪਿੱਛੇ ਤੇਰੇ ਟੱਬਰ ਦਾ ਇੰਤਜਾਮ ਕਰਨ ਦਾ ਮੈਂ ਪਹਿਲਾਂ ਤੈਨੂੰ ਵਾਇਦਾ ਦੇ ਦਿੱਤਾ ਹੈ। ਤੂੰ ਆਪਣੇ ਵਾਸਤੇ ਵੀ ਸਾਡੇ ਕੋਲੋ ਖਰਚੀ ਲੈ ਜਾਇਆ ਕਰ। "

ਤੁਲਸਾਂ ਨੂੰ ਕਿਹਾ ਕਿ ਮਰਦਾਨੇ ਨੂੰ ਲੰਗਰ ਪਾਣੀ ਛਕਾਓ। ਬੇਬੇ ਜੀ ਨੇ ਭਾਈਆਂ ਜੈਰਾਮ ਨਾਲ ਸਾਰੀ ਗੱਲ ਕੀਤੀ ਕਿ ਮਰਦਾਨਾ ਨਾਨਕ ਦਾ ਸਾਥ ਛੱਡ ਰਿਹਾ ਹੈ। ਬੇਬੇ ਜੀ ਦੀ ਗੰਭੀਰਤਾ ਤੇ ਮਾਯੂਸੀ ਵੇਖ ਕੇ ਭਾਈਆ ਜੀ ਨੇ ਕਿਹਾ ਕਿ ਇਸ ਦਾ ਇਕੋ ਇਲਾਜ ਹੈ ਕਿ ਮਰਦਾਨੇ ਨੂੰ ਪੱਲਾ ਖਰਚਣ ਵਾਸਤੇ ਕੁਝ ਦੇ ਦਿੱਤਾ ਜਾਵੇ ਤੇ ਅਗਾਂਹ ਵਾਸਤੇ ਵੀ ਕਹਿ ਦਿੱਤਾ ਜਾਵੇ ਕਿ ਖਰਚੀ ਸਾਥੋਂ ਆ ਕੇ ਲੈ ਜਾਇਆ ਕਰੇ। ਸਾਰਾ ਸਲਾਹ ਮਸ਼ਵਰਾ ਕਰਕੇ ਉਸ ਵਕਤ ਮਰਦਾਨੇ ਨੂੰ 20 ਰੁਪਏ ਬੇਬੇ ਜੀ ਨੇ ਦੇ ਦਿੱਤੇ ਤੇ ਕਿਹਾ ਕਿ ਨਾਨਕ ਦਾ ਸਾਥ ਨਾਂ ਛੱਡ ਤੇਰੀ ਹਰ ਮੰਗ ਅਸੀ ਪੂਰੀ ਕਰਾਂਗੇ। ਬੇਬੇ ਜੀ ਦੇ ਸਮਝਾਉਣ ਬੁਝਾਉਣ ਤੇ ਮਰਦਾਨਾ ਮੰਨ ਗਇਆ ਕਿ ਉਹ ਬਾਬੇ ਦੇ ਨਾਲ ਹੀ ਰਹੇਗਾ ਜਿੱਥੇ ਵੀ ਓਹ ਜਾਏਗਾ।

ਰਬਾਬ ਮੋਢੇ ਤੇ ਪਾਈ ਮਰਦਾਨਾ ਫਿਰ ਬਾਬੇ ਕੋਲ ਪਹੁੰਚ ਗਿਆ। ਬਾਬੇ ਨੇ ਫਰਮਾਇਆ, "ਆ ਗਇਆ ਮਰਦਾਨਿਆਂ? ਮਨ ਟਿਕਦਾ ਨਹੀ ਤੇਰਾ। ਹੁਣ ਫਿਰ ਚੁੱਕੀ ਫਿਰਦੈ ਰਬਾਬ?"

ਮਰਦਾਨੇ ਨੇ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੂੰ ਜਦੋਂ ਪਤਾ ਲੱਗਾ ਮਰਦਾਨਾ ਬੇਬੇ ਜੀ ਕੋਲੋਂ 20 ਰੁਪਏ ਲੈ ਕੇ ਆਇਆ ਤਾਂ ਸਾਹਿਬ ਨੇ ਮਰਦਾਨੇ ਨੂੰ ਕਿਹਾ,

"ਮਰਦਾਨਿਆਂ ਇਹ ਚੰਗਾ ਨਹੀਉ ਕੀਤਾ। ਆਪਣੀ ਅਗਿਆਨਤਾ ਵਿਖਾਈ ਤੂੰ। ਫਿਰਨਾਂ ਫਕੀਰਾਂ ਦੇ ਭੇਸ ਵਿੱਚ ਤੇ ਬੋਝੇ ਵਿੱਚ ਸੋਨਾ ਚਾਂਦੀ! ਵਾਹ ਮਰਦਾਨਿਆ ਵਾਹ! ਓਏ ਭੋਲਿਆ ਅਸੀ ਕਰਤਾਰ ਦੇ ਰਾਹ ਦੇ ਪਾਂਧੀ ਆ। ਜਿਹੜਾ ਸਾਰੀ ਸ੍ਰਿਸਟੀ ਨੂੰ ਦਿੰਦਾ। ਇਹਦਾ ਮਤਲਬ ਤੇਰਾ ਅਜੇ ਤੱਕ ਭਰੋਸਾ ਨਹੀ ਬੱਝਾ। ਭੋਲਿਆ ਜਦੋਂ ਸਾਨੂੰ ਉਹ ਭੁੱਖਾ ਰੱਖਦਾ ਹੈ ਉਹ ਉਹਦੇ ਪਿਆਰ ਦਾ ਮੁੱਲ ਅਸੀ ਤਾਰ ਰਹੇ ਹੁੰਨੇ ਆ। ਜਾਹ ਇਹ ਜਹਿਰ ਮੋੜ ਕੇ ਆ। ਤੂੰ ਇੱਕ ਵਾਰ ਫਿਰ ਸੋਚ ਲੈ। ਪਰ ਯਾਦ ਰੱਖੀ ਲੰਮੇ ਸਫਰ ਤੇ ਪੈਣ ਲਗਿਆਂ ਭਾਰ ਨਹੀ ਚੁੱਕੀਦਾ। "

ਮਰਦਾਨਾ ਸ਼ਰਮਿੰਦਾ ਹੋਇਆ। ਕਹਿਣ ਲੱਗਾ ਕਿ ਚਲੋ ਪੈਸੇ ਮੋੜ ਆਉਨੇ। ਤੁਹਾਨੂੰ ਮਿਲਣ ਵਾਸਤੇ ਬੇਬੇ ਜੀ ਨੇ ਬਹੁਤ ਜਿੱਦ ਕੀਤੀ ਹੈ ਤੁਹਾਨੂੰ ਵੀ ਨਾਲ ਜਾਣਾ ਹੀ ਪੈਣਾ। ਗੁਰੂ ਸਾਹਿਬ ਫਿਰ ਮਰਦਾਨੇ ਦੇ ਨਾਲ ਭੈਣ ਨੂੰ ਮਿਲਣ ਜਾਂਦੇ ਨੇ। ਫਿਰ ਭੈਣ ਭਰਾ ਦੇ ਪਿਆਰ ਮੁਹੱਬਤ ਦੀਆਂ ਗੱਲਾਂ। ਕੁਝ ਤਲਵੰਡੀ ਦੀਆਂ। ਕੁਝ ਭਰਜਾਈ ਦੀਆਂ ਸਹੁਰੇ ਤੇ ਸੱਸ ਦੀਆਂ। ਬਾਬਾ ਫਿਰ ਭੈਣ ਕੋਲੋ ਵਿਦਾ ਹੁੰਦਾ ਹੈ ਇਹ ਵਾਇਦਾ ਦੇ ਕੇ ਕਿ ਜਦੋਂ ਵੀ ਤੂੰ ਯਾਦ ਕਰੇਗੀ ਮੈਂ ਹਾਜਰ ਹੋਵਾਂਗਾ।

----◆-----

## ਮੋਦੀਖਾਨਾ ਤਿਆਗਣ ਪਿੱਛੋਂ ਭੈਣ ਨਾਨਕੀ ਨੂੰ ਮਿਲਣ ਆਉਣ ਦੀ ਮਹੱਤਤਾ–

ਹਿੰਦੂਮਤ ਵਿੱਚ ਜਦੋਂ ਕੋਈ ਸੰਨਿਆਸ ਲੈਂਦਾ ਹੈ ਤਾਂ 12 ਸਾਲ ਤੱਕ ਉਹ ਆਪਣੇ ਘਰ ਨਹੀ ਵੜ੍ਹ ਸਕਦਾ। ਇਹ ਸੰਨਿਆਸ ਦਾ ਮੁਢਲਾ ਨਿਯਮ ਜਾਂ ਸ਼ਰਤ ਹੁੰਦੀ ਹੈ। ਆਪਣੀ ਬਾਣੀ ਵਿੱਚ ਗੁਰੂ ਸਾਹਿਬ ਸੰਨਿਆਸ ਨੂੰ ਨਹਾਇਤ ਗੱਲਤ ਠਹਿਰਾਉਦੇ ਨੇ। ਜੋਗੀਆਂ ਤੇ ਕਟਾਖ ਕਰਦੇ ਨੇ ਕਿ ਇੱਕ ਪਾਸੇ ਤੂੰ ਘਰ ਨੂੰ ਤਿਆਗਿਆ ਹੈ ਤੇ ਦੂਸਰੇ ਪਾਸੇ ਜਦੋਂ ਭੁੱਖ ਲੱਗਦੀ ਹੈ ਓਸੇ ਗ੍ਰਿਸਤੀ ਦੇ ਘਰ ਮੰਗਣ ਚਲੇ ਜਾਂਦੇ ਹੋ।

ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੁੰਕੇ ਘਰ ਮੰਗਨ ਜਾਈ॥ (ਭਾਈ ਗੁਰਦਾਸ)

ਫਿਰ ਜਿਵੇ ਉੱਤੇ ਆਇਆ ਹੈ, ਓਨਾਂ ਦਾ ਸੰਨਿਆਸ ਵੀ ਅਲੌਕਿਕ ਸੀ। ਅੱਧਾ ਲਿਬਾਸ ਹਿੰਦੂ ਜੋਗੀਆਂ ਵਾਲਾ ਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ। ਕਦੀ ਹੱਡੀਆਂ ਦੀ ਮਾਲਾ ਗੱਲ ਵਿੱਚ ਪਾ ਲੈਣੀ। ਸਾਨੂੰ ਇਹ ਵੀ ਨਹੀ ਭੁਲਣਾ ਚਾਹੀਦਾ ਕਿ ਉਸ ਜਮਾਨੇ ਵਿੱਚ ਦੂਰ ਦੁਰਾਡੇ ਵਿੱਚ ਸਿਰਫ ਜਾਂ ਤਾਂ ਸਾਧੂ ਫਕੀਰ ਜਾ ਸਕਦੇ ਜਾਂ ਵਣਜਾਰੇ ਜਿੰਨਾ ਕੋਲ ਸੁਰੱਖਿਆ ਦੇ ਪੁਖਤਾ ਪ੍ਰਬੰਧ ਹੁੰਦੇ ਸਨ ਤੇ ਹਰ ਇਲਾਕੇ ਵਿੱਚ ਸਰਕਾਰ ਓਨਾਂ ਦੀ ਰਾਖੀ ਕਰਦੀ ਸੀ ਤੇ ਬਦਲੇ ਵਿੱਚ ਉਹ ਟੈਕਸ ਦਿੰਦੇ ਸਨ।

ਸੋ ਮੁੜ ਮੁੜ ਕੇ ਭੈਣ ਨੂੰ ਮਿਲਣ ਆਉਣਾ ਇਹ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਸੰਨਿਆਸੀ ਕਿਸਮ ਦੇ ਬਿਹੰਗਮ ਨਹੀ ਸਨ। ਉਹ ਤਾਂ ਸਾਧਾਂ ਫਕੀਰਾਂ ਵਾਲਾ ਸਿਰਫ ਬਾਣਾ ਪਹਿਨਦੇ ਸਨ ਤਾਂ ਕਿ ਯਾਤਰਾ ਦੌਰਾਨ ਸੌਖ ਰਹੇ।

----◆-----

## ਜਦੋਂ ਗੁਰੂ ਸਾਹਿਬ ਆਪਣੇ ਜੱਦੀ ਪਿੰਡ ਪੱਠੇਵਿੰਡ ਗਏ ਤਾਂ ਸ਼ਰੀਕਾਂ ਬਾਹਰ ਕੱਢ ਤਾ ◉

ਪਿੰਡ ਪੱਠੇਵਿੰਡ ਜੋ ਅੱਜ ਕਲ ਪੂਰੀ ਤਰਾਂ ਬੇਚਰਾਗ ਹੋ ਚੁੱਕਾ ਹੈ, ਕਿਸੇ ਵੇਲੇ ਬੇਦੀਆਂ ਦਾ ਗੜ੍ਹ ਸੀ। ਇਸ ਸਥਾਨ ਬਾਰੇ ਗੁਰੂ ਹਰਗੋਬਿੰਦ ਸਾਹਿਬ ਨੇ ਸੰਗਤਾਂ ਨੂੰ ਜਾਣੂ ਕਰਵਾਇਆ ਸੀ। ਗੁਰੂ ਸਾਹਿਬ ਦੇ ਵਡੇਰੇ ਵੀ ਇਸੇ ਪਿੰਡ ਦੇ ਸਨ। ਨਾਲ ਹੀ ਭੋਇ ਰਾਜਪੂਤਾਂ ਦਾ ਪਿੰਡ ਜ਼ਾਮਾਰਾਇ ਹੈ। ਭੋਇ ਜ਼ਾਮਾ ਰਾਇ ਦੀ ਓਲਾਦ ਵਿੱਚੋਂ ਹੀ ਰਾਇ ਬੁਲਾਰ ਹੋਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਰਾਇ ਬੁਲਾਰ ਰਾਇ ਜ਼ਾਮਾ ਦਾ ਹੀ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਭੋਇ ਜ਼ਾਮਾ ਰਾਇ ਨੂੰ ਤਲਵੰਡੀ ਦਾ ਇਲਾਕਾ ਜਗੀਰ ਵਜੋਂ ਮਿਲਿਆ ਸੀ। ਜ਼ਾਮਾ ਜਦੋਂ ਪ੍ਰਵਾਰ ਸਮੇਤ ਫਿਰ ਤਲਵੰਡੀ ਹਿਜਰਤ ਕਰ ਗਇਆ ਤਾਂ ਨਾਲ ਪਟਵਾਰੀ ਮਹਿਤਾ ਕਾਲੂ ਨੂੰ ਵੀ ਲੈ ਗਿਆ।

ਜਦੋਂ ਗੁਰੂ ਸਾਹਿਬ ਸੁਲਤਾਨਪੁਰ ਰਹਿੰਦੇ ਸਨ ਤਾਂ ਗੁਰੂ ਸਾਹਿਬ ਦੇ ਸਾਧ ਬਣਨ ਦੀ ਖਬਰ ਪਿੰਡ ਪੱਠੇਵਿੰਡ ਵੀ ਪਹੁੰਚ ਚੁੱਕੀ ਸੀ।

ਸੁਲਤਾਨਪੁਰ ਤੋਂ ਰਵਾਨਾ ਹੋ ਚੁੱਕੇ ਗੁਰੂ ਸਾਹਿਬ ਇੱਕ ਦਿਨ ਇਲਾਕੇ ਵਿੱਚ ਘੁੰਮਦੇ ਫਿਰਦੇ ਆਪਣੇ ਜੱਦੀ ਪਿੰਡ ਆ ਗਏ। ਨਾਲ ਮਰਦਾਨਾ ਵੀ ਸੀ। ਨਿਵਾਸੀਆਂ ਨੇ ਸ਼ੁਰੂ ਵਿੱਚ ਲੰਗਰ ਪਾਣੀ ਛਕਾਇਆ। ਬਾਦ ਵਿੱਚ ਸਾਰੇ ਬੇਦੀ ਇਕੱਠੇ ਹੋ ਕੇ ਗੁਰੂ ਸਾਹਿਬ ਨੂੰ ਤਾਹਨੇ ਮਾਰਨ ਲੱਗ ਪਏ ਕਿ ਇੱਕ ਖੱਤਰੀ ਪੁੱਤਰ ਹੋ ਕੇ ਕੀ ਤੂੰ ਫਕੀਰੀ ਭੇਸ ਬਣਾਇਆ ਹੋਇਆ ਹੈ। ਕਿਓ ਨਹੀ ਕੋਈ ਕਾਰ ਵਿਹਾਰ ਕਰਦਾ? ਬੇਦੀ ਖੱਤਰੀਆਂ ਨੂੰ ਇੰਨਾ ਵੱਟ ਚੜ੍ਹਿਆ ਕਿ ਜ਼ਿੱਦ ਵਿੱਚ ਆ ਕੇ ਕਿ ਕਹਿਣ ਕਿ ਤੁਰੰਤ ਇਸ ਪਿੰਡ ਵਿੱਚੋਂ ਰਵਾਨਾ ਹੋਵੋ। ਗੁਰੂ ਸਾਹਿਬ ਨੂੰ ਬਹੁਤ ਬੁਰਾ ਭਲਾ ਕਿਹਾ। ਨਿਮ੍ਰਤਾ ਦੇ ਸਮੁੰਦਰ ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਉਣਾ ਚਾਹਿਆ ਕਿ ਭਾਈ ਮੈਂ ਸਦਾ ਵਾਸਤੇ ਇਸ ਪਿੰਡ ਵਿੱਚ ਰਹਿਣ ਲਈ ਨਹੀ ਆਇਆ। ਬਸ ਇੱਕ ਦੋ ਦਿਨ ਇਲਾਕੇ ਵਿੱਚ ਰਹਿਣਾ ਹੈ ਤੇ ਚਲਦੇ ਬਣਨਾ ਹੈ। ਪਰ ਖੱਤਰੀ ਤਾਂ ਗੁਰੂ ਸਾਹਿਬ ਨੂੰ ਇੱਕ ਪਲ ਵੀ ਵੇਖਣਾ ਨਹੀ ਸਨ ਮੰਨਦੇ। ਹਾਲਾਂ ਮਰਦਾਨੇ ਨੇ ਵੀ ਤਰਲਾ ਕੱਢਿਆ ਕਿ ਸ਼ਾਮ ਦਾ ਵੇਲਾ ਹੈ ਜ਼ਿੱਦ ਨਾਂ ਕਰੋ। ਇਲਾਕਾ ਵੀ ਬੜਾ ਉਬੜ ਖੱਬੜ ਉੱਚਾ ਨੀਵਾਂ ਹੁੰਦਾ ਸੀ। ਬਿਆਸ ਨੇੜੇ ਹੋਣ ਕਰਕੇ ਉੱਚੇ ਉੱਚੇ ਧੜੇ ਬਣੇ ਹੋਏ ਸਨ।



ਗੁਰਦੁਆਰਾ ਡੇਹਰਾ ਸਾਹਿਬ ਪੱਠੇਵਿੰਡ

ਇਹ ਵੀ ਹੋ ਸਕਦਾ ਹੈ ਕਿ ਗੁਰੂ ਸਾਹਿਬ ਦੇ ਵਡੇਰਿਆਂ ਦਾ ਪੁਰਾਣਾ ਕੋਈ ਮਕਾਨ ਬਾਕੀ ਹੋਵੇ ਜਿਸ ਤੇ ਕੋਈ ਹੋਰ ਕਾਬਜ ਹੋ ਚੁੱਕਾ ਹੋਵੇ ਤੇ ਜਿਸ ਦੇ ਮੰਨ ਵਿੱਚ ਈਰਖਾ ਆ ਗਈ ਹੋਵੇ ਕਿ ਕਿਤੇ ਇਹ ਘਰ ਮੇਰੇ ਕੋਲੋਂ ਖਾਲੀ ਨਾਂ ਕਰਵਾ ਲਏ। ਇਥੇ ਹੀ ਹੇਠਲਾ ਸਬਦ ਗੁਰੂ ਸਾਹਿਬ ਨੇ ਉਚਾਰਨ ਕੀਤਾ ਸੀ:-

ਸਿਰੀਰਾਗੁ ਮਹਲਾ ੧ ॥ ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥

ਗੁਰੂ ਸਾਹਿਬ ਨੇ ਸਹਿਜ ਸੁਭਾਅ ਫਰਮਾ ਦਿੱਤਾ ਕਿ ਭਾਈਓ ਨਾਂ ਮਾਣ ਕਰੋ ਤੁਸਾਂ ਵੀ ਕਿਹੜਾ ਇਸ ਪਿੰਡ ਵਿੱਚ ਬੈਠੇ ਰਹਿਣਾ ਹੈ।

ਇਹ ਕਹਿ ਕੇ ਗੁਰੂ ਸਾਹਿਬ ਓਥੋਂ ਚਲਦੇ ਬਣੇ। ਛੇਤੀ ਹੀ ਪਿੰਡ ਉਜੜਨਾ ਸ਼ੁਰੂ ਹੋ ਗਇਆ। ਗੁਰੂ ਹਰਗੋਬਿੰਦ ਸਾਹਿਬ ਜਦੋਂ ਇਲਾਕੇ ਵਿੱਚ ਆਏ ਤਾਂ ਓਦੋਂ ਪਿੰਡ ਪੂਰੀ ਤਰਾਂ ਬੇਅਬਾਦ ਹੋ ਚੁੱਕਾ ਸੀ। ਅੱਜ ਕਲ ਗੁਰਸਿੱਖਾਂ ਨੇ ਮਹਿਤਾ ਕਾਲੂ ਦੇ ਨਾਂ ਤੇ ਇਥੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਹੈ। 200 ਪੁਰਾਣਾ ਖੂਹ ਵੀ ਮੌਜੂਦ ਹੈ ਜਿਸ ਵਿੱਚ ਲੱਗੀ ਸਿੱਲ ਇਸ ਗੱਲ ਦੀ ਸ਼ਾਹਦੀ ਭਰਦੀ ਹੈ।

—▲—

ਪੈੜ ਸੂਹਾ

◉ ਹੋਰ ਵੀ ਨੇੜੇ ਤੇੜੇ ਦੇ ਕਸਬਿਆਂ 'ਚ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਰਹਿੰਦਿਆਂ ਹੋ ਆਏ ਸਨ। ਪਰ ਆਹ ਕਸਬੇ/ਸ਼ਹਿਰਾਂ ਨੇ ਹੈ ਜਿੱਥੇ ਗੁਰੂ ਸਾਹਿਬ ਦੀ ਆਮਦ ਦੀ ਕੋਈ ਯਾਦਗਾਰ ਨਾਂ ਬਣ ਸਕੀ:-

ਪੱਟੀ, ਗੋਇੰਦਵਾਲ, ਫਤਿਹਾਬਾਦ, ਡੱਲਾ, ਮਲਸੀਆਂ, ਨਕੋਦਰ, ਜਲੰਧਰ, ਤਲਵੰਡੀ ਚੌਧਰੀਆਂ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਇਸ ਪ੍ਰਕਾਰ ਪੰਜਾਬ ਵਿਚ ਹੀ ਹਜਾਰਾਂ ਅਜਿਹੇ ਕਸਬੇ/ਪਿੰਡ ਹਨ ਜਿਥੇ ਗੁਰੂ ਸਾਹਿਬ ਗਏ ਤਾਂ ਜਰੂਰ ਪਰ ਮੁਕਾਮੀ ਸੰਗਤ ਨੇ ਇਤਹਾਸ ਨਾਂ ਸਾਂਭਿਆ। ਅਜਿਹਾ ਹੀ ਕਸਬਾ ਕਲਾਨੌਰ ਹੈ ਜਿਥੇ ਗੁਰੂ ਸਾਹਿਬ ਕਈ ਵੇਰ ਆਏ ਪਰ ਓਥੇ ਵੀ ਕੋਈ ਯਾਦਗਾਰ ਨਹੀ ਹੈ।

# ਪਹਿਲੀ ਉਦਾਸੀ

## ਭਾਗ ਪਹਿਲਾ

## ਸਤੰਬਰ 1507 ਸੁਲਤਾਨਪੁਰ ਲੋਧੀ ਤੋ ਸੈਦਪੁਰ, ਤਲਵੰਡੀ ਅਤੇ ਦਿੱਲੀ ਤਕ

### ਬਾਬੇ ਦਾ ਪ੍ਰਚਾਰ ਦਾ ਢੰਗ ਤਰੀਕਾ

ਬਾਬਾ ਤੇ ਮਰਦਾਨਾ ਸਵੇਰੇ ਸਵੇਰੇ ਹੀ ਅਗਲੇ ਪੜਾਅ ਲਈ ਨਿਕਲਦੇ।

**ਨਿਸ਼ਾਨਾ** - ਨੇੜੇ ਤੇੜੇ ਦੀ ਕੋਈ ਵੱਡੀ ਅਬਾਦੀ ਹੁੰਦਾ ਸੀ। ਜਿੱਥੇ ਸਾਧੂ ਸੰਤਾਂ ਦਾ ਜਮਾਵੜਾ ਹੋਵੇ, ਕੋਈ ਮੇਲਾ ਹੋਵੇ, ਕੋਈ ਕੁੰਭ ਹੋਵੇ, ਕੋਈ ਜੱਗ ਹੋਵੇ, ਤੀਰਥ ਅਸਥਾਨ, ਰਾਜਾ/ਹੁਕਮਰਾਨ/ਜਗੀਰਦਾਰ ਅਤੇ ਇਲਾਕੇ ਦੀਆਂ ਹੋਰ ਪ੍ਰਸਿੱਧ ਸਖਸ਼ੀਅਤਾਂ ਤਕ ਉਹ ਪਹੁੰਚ ਬਣਾਉਦੇ। ਹਰ ਹਾਲਤ ਵਿਚ ਹੁਕਮਰਾਨ ਨੂੰ ਮਿਲਣ ਦੀ ਜਰੂਰ ਕੋਸ਼ਿਸ਼ ਕਰਦੇ। ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਵਿਚ ਉਸ ਵੇਲੇ ਅਹੁਦੇ ਇਸ ਪ੍ਰਕਾਰ ਹੁੰਦੇ ਸਨ: ਸੂਬੇਦਾਰ- ਸਿਪਾ ਸਾਲਾਰ ਜਾਂ ਨਾਜ਼ਿਮ, ਦੀਵਾਨ, ਬਖਸ਼ੀ, ਵਾਕਿਆ ਨਵੀਸ, ਕਾਜੀ, ਕੋਤਵਾਲ, ਅਮਲ ਗੁਜਾਰ (ਜਿਲੇ ਵਿੱਚ) ਕਨੂੰਨਗੋ, ਆਮਿਲ (ਫੌਜ ਵਿੱਚ)

**ਆਉਣ ਜਾਣ ਦਾ ਸਾਧਨ–** ਗੁਰੂ ਸਾਹਿਬ ਹਰ ਸੰਭਵ ਸਾਧਨ ਵਰਤਦੇ ਸਨ। ਪੈਦਲ, ਟਾਂਗੇ, ਘੋੜੇ, ਗੱਡੇ, ਬੇੜੀ, ਸਮੁੰਦਰੀ ਜਹਾਜ। ਸਵਾਰੀ ਦਾ ਕਰਾਇਆ ਭਾੜਾ ਸੰਗਤ ਭਰਦੀ ਸੀ। ਸ਼ਾਮ ਨੂੰ ਹੀ ਇਹ ਤਹਿ ਹੋ ਜਾਂਦਾ ਸੀ ਕਿ ਅਗਲਾ ਪੜਾਅ ਕਿਥੇ ਹੈ। ਸੰਗਤ ਸਾਰਾ ਇੰਤਜਾਮ ਕਰਦੀ ਸੀ। ਲਗਪਗ ਹਰ ਥਾਂ ਤੇ ਗੁਰੂ ਸਾਹਿਬ ਇਲਾਕੇ ਦੇ ਮੁੱਖੀ ਤੇ ਆਪਣਾ ਅਸਰ ਛੱਡਦੇ ਸਨ। ਅਗਲਾ ਇੰਤਜਾਮ ਅਮੂਮਨ ਉਹ ਕਰਦਾ ਸੀ। ਇਹ ਧਾਰਮਿਕ ਜਾਂ ਰਾਜਨੀਤਕ ਜਾਂ ਅਫਸਰ ਵੀ ਹੋ ਸਕਦਾ ਸੀ। ਸਾਹਿਬ ਅਕਸਰ ਦੂਰ ਨੇੜੇ ਜਾਣ ਵਾਲੇ ਸੁਦਾਗਰਾਂ ਦਾ ਵੀ ਸਾਥ ਲੈਂਦੇ ਸਨ।

**ਰਸਤੇ/ ਸੜਕਾਂ** - ਹਰ ਇਲਾਕੇ ਵਿਚ ਪੱਕੇ ਰਾਹ ਜਾਂ ਪੱਗਡੰਡੀਆਂ ਹੁੰਦੀਆਂ ਸਨ। ਓਦੋਂ ਪੱਕੀਆਂ ਸੜਕਾਂ ਨਹੀ ਸੀ ਹੁੰਦੀਆਂ। ਚੌੜੀ ਸੜ੍ਹਕ ਨੂੰ ਗਾਡੀ ਰਾਹ ਕਿਹਾ ਜਾਂਦਾ ਸੀ ਜਿਸ ਰਾਂਹੀ, ਗੱਡਾ, ਟਾਂਗਾ ਜਾਂ ਰੱਥ ਨਿਕਲ ਸਕੇ।

ਯਾਤਰੀ ਹੀ ਅਖਬਾਰ ਹੁੰਦੇ ਸਨ ਉਹਨੀ ਦਿਨੀ। ਸਾਧੂ ਸੰਤਾਂ ਦੇ ਟੋਲਿਆਂ ਤੋਂ ਹੀ ਲੋਕਾਈ ਨੂੰ ਖਬਰਾਂ ਮਿਲਦੀਆਂ ਸਨ ਕਿ ਕਿਹੜੇ ਇਲਾਕੇ ਵਿਚ ਕੀ ਚਲ ਰਿਹਾ ਹੈ? ਕੌਣ ਹੁਕਮਰਾਨ ਹੈ? ਆਦਿ ਆਦਿ।

**ਰਾਹ ਦੇ ਲੁਟੇਰੇ (ਵਾਟਮਾਰ) –** ਸਰਕਾਰਾਂ ਵਾਸਤੇ ਸਭ ਤੋਂ ਵੱਡੀ ਮੁਸੀਬਤ ਰਾਹ ਲੁਟੇਰੇ ਹੁੰਦੇ ਸਨ। ਜੋ ਲੁੱਟਮਾਰ ਕਰਦੇ ਤੇ ਕਈ ਕਈ ਵਾਰ ਮੁਸਾਫਰਾਂ ਨੂੰ ਜਾਨੋਂ ਵੀ ਮਾਰ ਦਿੰਦੇ ਸਨ। ਲੁੱਟ ਮਾਰ ਵੇਲੇ ਅਗਲੇ ਦੇ ਕਪੜੇ ਲੀੜੇ ਜੁੱਤੀ ਤਕ ਵੀ ਲੁਹਾ ਲੈਂਦੇ। ਇਹੋ ਕਾਰਨ ਹੁੰਦਾ ਸੀ ਸਾਧੂ ਜਿਆਦਾ ਤਕ ਨੰਗ ਧੜੰਗੇ ਹੀ ਚਲਦੇ।

ਰਸਤੇ ਵਿਚ ਜੰਗਲੀ ਜਾਨਵਰਾਂ ਦਾ ਵੀ ਖਤਰਾ ਬਣਿਆ ਰਹਿੰਦਾ ਸੀ। ਗੁਰੂ ਸਾਹਿਬ ਜੰਗਲੀ ਯਾਤਰਾ ਮੌਕੇ ਆਪਣੇ ਕੋਲ ਬਰਛਾ ਰਖਦੇ ਸਨ।

**ਪਹਿਲਾ ਸੰਪਰਕ–** ਜਦੋਂ ਇਹ ਕਿਸੇ ਪਿੰਡ ਸ਼ਹਿਰ ਜਾਂ ਭੀੜ ਲਾਗੇ ਪਹੁੰਚਦੇ ਤਾਂ ਗੁਰੂ ਸਾਹਿਬ ਕਿਸੇ ਖਾਸ ਥਾਂ ਬਹਿ ਜਾਂਦੇ ਜਿਥੋਂ ਸਾਰੇ ਲੋਕਾਂ ਦਾ ਧਿਆਨ ਪਏ। ਕੀਰਤਨ ਸ਼ੁਰੂ ਹੋ ਜਾਂਦਾ। ਮਰਦਾਨੇ ਦੀ ਰਬਾਬ ਲੋਕਾਂ ਨੂੰ ਇਸ ਤਰਾਂ ਖਿੱਚਦੀ ਜਿਵੇ ਮਿਕਨਾਤੀਸ ਲੋਹੇ ਨੂੰ ਖਿੱਚ ਲੈਂਦਾ ਹੈ। ਕੀਰਤਨ ਤੋਂ ਬਾਦ ਗੁਰੂ ਸਾਹਿਬ ਵਖਿਆਨ ਕਰਦੇ। ਜਦੋਂ ਕੋਈ ਜੱਗੋ ਤੇਰਵੀ ਗੱਲ ਸੁਣਦਾ ਤਾਂ ਦੁਹਾਈ ਦੇ ਉਠਦਾ। ਗੱਲ ਇਲਾਕੇ ਦੇ ਮੁਖੀ ਜਾਂ ਮੰਦਰ ਜਾਂ ਮਸੀਤ ਦੇ ਮੁਖੀ ਤੱਕ ਪਹੁੰਚ ਜਾਂਦੀ। ਕਦੀ ਤਾਂ ਮੁਖੀ ਆਪ ਗੁਰੂ ਸਾਹਿਬ ਦੇ ਦਰਬਾਰ ਵਿੱਚ ਹਾਜਰ ਹੋ ਜਾਂਦੇ ਜਾਂ ਫਿਰ ਹੁਕਮ ਕਰਕੇ ਬਾਬੇ ਨੂੰ ਦਰਬਾਰ ਵਿੱਚ ਸੱਦ ਲੈਂਦੇ। ਗੁਰੂ ਸਾਹਿਬ ਦੀ ਦਲੀਲ ਅੱਗੇ ਹਰ ਕੋਈ ਸੀਸ ਨਿਵਾਂ ਦਿੰਦਾ। ਗੱਲ ਅੱਗੇ ਤੋਂ ਅੱਗੇ ਤੁਰਦੀ।

ਜਿਥੇ ਕੋਈ ਸਾਧਾਂ ਫਕੀਰਾਂ ਦਾ ਟਿਕਾਣਾਂ ਹੋਵੇ ਓਥੇ ਗੁਰੂ ਸਾਹਿਬ ਸਿੱਧਾ ਹੀ ਜਾ ਪਹੁੰਚਦੇ। ਅਗਲੇ ਨਾਲ ਆਦਰ ਸਤਿਕਾਰ ਨਿਮ੍ਰਤਾ ਨਾਲ ਪੇਸ਼ ਆਉਦੇ।

**ਖਾਣਾ ਦਾਣਾ–** ਅੱਜ ਤੋਂ 500 ਸਾਲ ਪਹਿਲਾਂ ਸਾਧੂ ਫਕੀਰਾਂ ਦਾ ਲੋਕ ਖੂਬ ਆਦਰ ਸਤਿਕਾਰ ਕਰਦੇ ਸਨ। ਆਪਣੀ ਸਮੱਰਥਾ ਅਨੁਸਾਰ ਦੁੱਧ, ਦਹੀ, ਲੱਸੀ, ਰੋਟੀ ਚਾਵਲ ਭੇਟ ਕਰਦੇ। ਸਫਰ ਦੌਰਾਨ ਰਸਤੇ ਵਿੱਚ ਗੁਰੂ ਸਾਹਿਬ ਅਤੇ ਮਰਦਾਨਾ ਮੌਸਮੀ ਫਲਾਂ ਤੇ ਹੋਰ ਫਸਲਾਂ ਤੇ ਨਿਰਭਰ ਹੁੰਦੇ। ਕਿਤੇ ਗੁਰੂ ਸਾਹਿਬ ਨੂੰ ਹੋਲਾਂ ਛਕਾਈਆਂ ਜਾਂਦੀਆ ਹਨ। ਕਿਤੇ ਛੱਲੀਆਂ ਚਬਾਈਆਂ ਜਾਂਦੀਆ ਹਨ। ਕਿਤੇ ਬੇਰ, ਕਿਤੇ ਅਮਰੂਦ, ਕਿਤੇ ਅੰਬ। ਖਾਣ ਵੇਲੇ ਗੁਰੂ ਸਾਹਿਬ ਕੋਈ ਭੇਦ ਭਾਵ ਛੂਆ ਛੂਤ ਨਹੀ ਮੰਨਦੇ। ਓਹ ਬ੍ਰਾਹਮਣ ਕੋਲੋਂ ਵੀ ਛਕਦੇ। ਸ਼ੂਦਰ ਕੋਲੋਂ ਵੀ ਤੇ ਮੁਸਲਮਾਨ ਕੋਲੋ ਵੀ। ਜੋ ਸਥਾਨਕ ਲੋਕਾਂ ਦੀ ਖੁਰਾਕ ਹੁੰਦੀ ਉਹੀ ਗੁਰੂ ਸਾਹਿਬ ਛਕਦੇ ਹਨ। ਕਿਤੇ ਉਹ ਮਾਸ ਵੀ ਛਕਦੇ ਹਨ ਕਿਤੇ ਉਨਾਂ ਨੂੰ ਖੀਰ ਵੀ ਛਕਾਈ ਜਾਂਦੀ ਹੈ। ਸ਼ਿਕਾਰੀ ਕੋਲੋਂ ਵੀ ਤੇ ਸ਼ਾਕਾਹਾਰੀ ਤੋਂ ਵੀ। ਕਿਤੇ ਮੱਢਲ ਜਾਂ ਕੋਧਰੇ ਦੀ ਰੋਟੀ ਨਸੀਬ ਹੁੰਦੀ ਹੈ। ਗੁਰੂ ਸਾਹਿਬ ਦੇ ਖਾਣ ਦਾ ਤੇ ਸਰੀਰ ਦਾ ਧਿਆਨ ਰੱਖਣਾ ਮਰਦਾਨੇ ਦੀ ਜਿੰਮੇਵਾਰੀ ਹੁੰਦੀ ਹੈ। ਬੇਬੇ ਜੀ ਨੇ ਮਰਦਾਨੇ ਨੂੰ ਪੱਕਿਆਂ ਕਰ ਕੇ ਤੋਰਿਆ ਸੀ।

ਓਹਨੀ ਦਿਨੀ ਮੰਦਰ ਦੇ ਪੁਜਾਰੀ ਦੀ ਜਿੰਮੇਵਾਰੀ ਹੁੰਦੀ ਸੀ ਕਿ

ਪਹੁੰਚੇ ਸਾਧੂਆਂ ਦੇ ਲੰਗਰ, ਪਾਣੀ, ਰਹਿਣ ਦਾ ਇੰਤਜਾਮ ਕਰੇ।

**ਲਿਬਾਸ–** ਗੁਰੂ ਸਾਹਿਬ ਦਾ ਪਹਿਰਾਵਾ ਸਾਧੂ ਫਕੀਰਾਂ ਵਾਲਾ ਹੁੰਦਾ। ਕੋਈ ਸਾਧੂ ਜਾਂ ਫਕੀਰ ਕਿਹੜੇ ਫਿਰਕੇ ਦਾ ਹੈ ਉਹ ਲਿਬਾਸ ਤੋਂ ਪਛਾਣ ਹੁੰਦੀ ਸੀ। ਪਰ ਗੁਰੂ ਸਾਹਿਬ ਰਲਣਾ ਮਿਲਵਾ ਜਿਹਾ ਲਿਬਾਸ ਪਾਉਂਦੇ। ਜਿਸ ਤੋਂ ਇਹ ਨਹੀ ਸੀ ਪਤਾ ਲੱਗ ਸਕਦਾ ਕਿ ਇਹ ਸਾਧੂ ਹਿੰਦੂ ਹੈ ਕਿ ਮੁਸਲਮਾਨ। ਜੇ ਨਿਰੋਲ ਹਿੰਦੁਸਤਾਨੀ ਇਲਾਕੇ ਵਿਚ ਜਾਂਦੇ ਤਾਂ ਤੁਸੀ ਇਹ ਨਹੀ ਸੀ ਕਹਿ ਸਕਦੇ ਕਿ ਇਹ ਜੋਗੀ ਹਨ ਕਿ ਦੇਵੀ ਭਗਤ ਕਿ ਕ੍ਰਿਸ਼ਨ ਭਗਤ। ਸਿਰ ਤੇ ਦਸਤਾਰ ਹੁੰਦੀ ਕਦੀ ਟੋਪੀ ਵੀ ਪਾ ਲੈਂਦੇ। ਹਾਂ ਜਦੋਂ ਸੁਲਤਾਨਪੁਰ ਲੋਧੀ ਛਡਦੇ ਹਨ ਓਦੋਂ ਸਿਰ ਤੇ ਖੱਦਰ ਦਾ ਖੱਫਣ ਬੰਨ ਲਿਆ ਸੀ। ਕਦੀ ਸਾਧਾਂ ਵਿੱਚ ਜਾ ਕੇ ਕੇਸ ਖੋਲ ਪਿੱਛੇ ਨੂੰ ਛੱਡ ਦਿੰਦੇ। ਕਦੀ ਕਦੀ ਤਾਂ ਉਹ ਆਖੀਰ ਕਰ ਦਿੰਦੇ: ਇਕ ਪੈਰ ਵਿਚ ਲਕੜ ਦੀ ਖੜਾਂਅ ਅਤੇ ਦੂਸਰੇ ਵਿਚ ਚਮੜੇ ਦੀ ਜੁੱਤੀ ਹੁੰਦੀ। ਜਿਵੇ ਪੰਚਮ ਪਾਤਸ਼ਾਹ ਨੇ ਕਿਹਾ ਹੈ " ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ " ਇਹ ਦੱਸਣ ਲਈ, ਸਾਹਿਬ ਕੋਈ ਕਸਰ ਨਹੀ ਸਨ ਛੱਡਦੇ ਕਿ ਉਹ ਇਸਲਾਮ ਜਾਂ ਹਿੰਦੂਮਤ ਨਾਲ ਸਬੰਧ ਨਹੀ ਰੱਖਦੇ। ਪਹਾੜੀ ਅਤੇ ਠੰਡੇ ਇਲਾਕਿਆਂ ਵਿਚ ਉਹ ਜੱਤ ਵਾਲੇ ਚੰਮ ਦੇ ਬਣੇ ਲਿਬਾਸ ਪਾਉਦੇ। ਸਰਦ ਇਲਾਕੇ ਦੀ ਸੈਰ ਮੌਕੇ ਮਰਦਾਨੇ ਨੂੰ ਕੰਬਲ ਵਗੈਰਾ ਨਾਲ ਚੁੱਕਣੇ ਪੈਂਦੇ ਸਨ। ਉਹ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੇ ਬੜਾ ਜੋਰ ਦਿੰਦੇ ਸਨ। ਸਾਧੂਆਂ ਵਿੱਚ ਉਹ ਸ਼ਾਹੀ ਫਕੀਰ ਸਨ।

**ਰਾਤ ਦਾ ਵਿਸ਼ਰਾਮ –** ਇਹ ਹਾਲਾਤਾਂ ਅਨੁਸਾਰ ਹੁੰਦਾ ਸੀ। ਬਹੁਤ ਹੱਦ ਤੱਕ ਮੇਜਬਾਨ ਤੇ ਨਿਰਭਰ ਕਰਦਾ ਸੀ। ਕਦੀ ਸਾਹਿਬ ਮਹਿਲਾਂ ਵਿੱਚ ਸੌਂਦੇ ਤੇ ਕਦੀ ਝੌਪੜੀ ਵਿੱਚ ਤੇ ਕਦੀ ਖੁੱਲੇ ਅਸਮਾਨ ਥੱਲੇ। ਪ੍ਰਸਿੱਧ ਜਾਂ ਜਿਆਦਾ ਚਲਣ ਵਾਲੇ ਰਾਹਾਂ ਤੇ ਹਰ 25-50 ਕਿ. ਮੀ ਤੇ ਸਰਾਵਾਂ ਜਾਂ ਮੁਸਾਫਰਖਾਨੇ ਬਣੇ ਹੁੰਦੇ ਸਨ। ਜਿੱਥੇ ਰੋਟੀ, ਪਾਣੀ, ਬਾਲਣ ਅਤੇ ਡੰਗਰਾਂ ਲਈ ਪੱਠੇ ਮਿਲ ਜਾਂਦੇ ਸਨ। ਵਣਜਾਰੇ, ਵਪਾਰੀ, ਅਤੇ ਸਾਧੂ ਸੰਤਾਂ ਨੂੰ ਅਜਿਹੇ ਥਾਵਾਂ ਤੇ ਰੁਕਣ ਵਿਚ ਕੋਈ ਪ੍ਰੇਸ਼ਾਨੀ ਨਹੀ ਸੀ ਹੁੰਦੀ ਪਰ ਸ਼ੱਕੀ ਜਿਹੇ ਦਿੱਸਣ ਵਾਲੇ ਲੋਕਾਂ ਨੂੰ ਰਾਤ ਗੁਜਾਰਨ ਵਿਚ ਮੁਸ਼ਕਲ ਆਉਦੀ ਸੀ।

**ਕਿਧਰੋਂ ਕਿਧਰ ਨੂੰ ਗਏ ਗੁਰੂ ਸਾਹਿਬ –** ਇਸ ਗਲ ਨੂੰ ਸਮਝਣ ਲਈ ਸਾਡਾ ਤਰੀਕਾ ਕੁਝ ਇਸ ਪ੍ਰਕਾਰ ਰਿਹਾ ਹੈ:-

ਅੱਜ ਖੁਸ਼ਕਿਸਮਤੀ ਨਾਲ ਇੰਟਰਨੈੱਟ ਤੇ ਨਕਸ਼ਾ ਮੌਜੂਦ ਹੈ ਜਿੱਥੇ ਬਰੀਕ ਤੋਂ ਬਰੀਕ ਮੁਕਾਮੀ ਵੇਰਵੇ ਵੀ ਦਰਜ ਹਨ। ਅਸੀ ਗੂਗਲ ਦੇ ਨਕਸ਼ੇ ਤੇ ਉਹ ਸਥਾਨ ਅੰਕਤ ਕਰ ਦਿਤੇ ਜਿੱਥੇ ਜਿਥੇ ਗੁਰੂ ਸਾਹਿਬ ਦਾ ਜਾਣਾ ਕਿਤਾਬਾਂ ਵਿਚ ਮਿਲਦਾ ਹੈ। ਸਾਡੀ ਸਲਾਹ ਹੈ ਕਿ ਤੁਸੀ ਵੀ ਇਹ ਨਕਸ਼ਾ ਇੰਟਰਨੈਟ ਤੇ ਵਿਸਥਾਰ ਵਿਚ ਵੇਖੋ। (ਇੰਟਰਨੈਟ ਤੇ www.google.com/maps ਖੋਲੋ ਫਿਰ ਓਥੇ GURU NANAK UDASI PLACES BY JINDAGINAMA ਲਿਖੋ। )

ਫਿਰ ਉਹਨਾਂ ਨਿਸ਼ਾਨਾਂ ਤੋਂ ਗੁਰੂ ਸਾਹਿਬ ਦੇ ਰੂਟ ਦਾ ਅੰਦਾਜ਼ਾ ਲਾਇਆ ਹੈ। ਤੁਸੀ www.jindaginama.com/map ਤੇ ਵੀ ਇਹ ਥਾਵਾਂ ਵੇਖ ਸਕਦੇ ਹੋ।

ਇਸ ਪ੍ਰਕਾਰ ਇੰਟਰਨੈੱਟ, ਗੁਰੂ ਸਾਹਿਬ ਦੇ ਰੂਟ ਅੰਕਤ ਕਰਨ ਵਿਚ ਬਹੁਤ ਸਹਾਈ ਹੋਇਆ ਹੈ। ਸਾਡੇ ਤੋਂ ਪਹਿਲਾਂ ਦੇ ਲਿਖਾਰੀਆਂ ਕੋਲ ਇਹ ਸਹੂਲਤ ਮੌਜੂਦ ਨਹੀ ਸੀ। ਜਿਸ ਕਰਕੇ ਅਸੀ ਕੁਝ ਨਵੀਆਂ ਗੱਲਾਂ ਵੀ ਦੱਸ ਪਾਏ ਹਾਂ। ਸਾਨੂੰ ਉਮੀਦ ਹੈ ਆਉਣ ਵਾਲੇ ਸਮਿਆਂ ਵਿਚ ਹੋਰ ਵੀ ਸਥਿਤੀ ਸਾਫ ਹੋ ਜਾਏਗੀ।

ਇਹਨਾਂ ਹਾਲਾਤਾ ਦੇ ਮੱਦੇ ਨਜਰ ਸਾਨੂੰ ਲਗਦਾ ਹੈ ਕਿ ਗੁਰੂ ਸਾਹਿਬ ਕੁਲਸ਼ੇਤਰ (1508 ਅਤੇ 1518ਈ.), ਦਿੱਲੀ (1508ਈ. 'ਚ ਹੀ ਦੋ ਵਾਰੀ), ਅਤੇ ਹਰਦੁਆਰ (1506 ਅਤੇ 1508 ਈ) ਦੋ ਦੋ ਵਾਰੀ ਗਏ ਸਨ।

**ਦਿੱਲੀ ਤੱਕ ਦਾ ਰੂਟ (ਪਟੜੀ)** - ਸੁਲਤਾਨਪੁਰ ਲੋਧੀ, ਤਲਵੰਡੀ ਚੌਧਰੀਆਂ, ਗੋਇੰਦਵਾਲ, ਫਤਿਹਾਬਾਦ, ਵੈਰੋਵਾਲ, ਖਡੂਰ ਸਾਹਿਬ, ਬੰਡਾਲਾ, ਸੁਲਤਾਨ ਵਿੰਡ, ਕਲੇਰ, ਏਮਨਾਬਾਦ, ਕਾਲਾ ਖਤਾਈ, ਤਲਵੰਡੀ ਰਾਇ ਭੋਇ, ਭਾਈ ਫੇਰੂ, ਛਾਂਗਾ ਮਾਂਗਾ, ਭੀਲੇ ਰੋਸੇ, ਫਿਰੋਜਪੁਰ, ਡਰੋਲੀ ਭਾਈ, ਪੱਤੋ ਹੀਰਾ ਸਿੰਘ, ਤਖਤੂਪੁਰਾ, ਕਮਾਲਪੁਰ, ਸੰਗਰੂਰ, ਸੁਨਾਮ, ਚੀਕਾ, ਕਰਾਹ, ਪੇਹੋਵਾ, ਕੁਲਖੇਤ੍ਰ, ਕਰਨਾਲ, ਪਾਣੀਪਤ, ਦਿੱਲੀ।

## ਸੁਲਤਾਨਪੁਰੋਂ ਚਾਲੇ

ਘਰੋਂ ਨਿਕਲ ਕੇ ਗੁਰੂ ਸਾਹਿਬ ਨੇ ਸਭ ਤੋਂ ਪਹਿਲਾ ਨਿਸ਼ਾਨਾ ਦਿੱਲੀ ਦਾ ਬਾਦਸ਼ਾਹ ਬਣਾਇਆ ਜੋ ਮਜ੍ਹਬੀ ਕੱਟੜਤਾ ਤੇ ਜ਼ੁਲਮ ਕਰਨ ਲਈ ਬਦਨਾਮ ਹੋ ਚੁੱਕਾ ਸੀ। ਦੌਲਤ ਖਾਂ ਲੋਧੀ ਦੇ ਦਰਬਾਰ ਵਿਚ ਰਹਿਣ ਕਰਕੇ ਗੁਰੂ ਸਾਹਿਬ ਨੇ ਦਿੱਲੀ ਦੇ ਸੁਲਤਾਨ ਦੀਆਂ ਕਈ ਕਰਤੂਤਾਂ ਬਾਰੇ ਸੁਣਿਆ ਹੋਇਆ ਸੀ।

ਕਿਉਕਿ ਮਰਦਾਨੇ ਨੇ ਲੰਮੀ ਯਾਤਰਾ ਤੇ ਨਿਕਲਣ ਤੋਂ ਪਹਿਲਾਂ ਆਪਣੇ ਘਰ ਇਤਲਾਹ ਦੇਣੀ ਸੀ ਨਾਲੇ ਮਹਿਤਾ ਕਾਲੂ ਨੇ ਹੀ ਮਰਦਾਨੇ ਨੂੰ ਬਾਬੇ ਦੀ ਖਬਰ ਲਿਆਉਣ ਵਾਸਤੇ ਭੇਜਿਆ ਸੀ। ਇਸ ਕਰਕੇ ਗੁਰੂ ਸਾਹਿਬ ਮਰਦਾਨੇ ਦੇ ਨਾਲ ਹੀ ਪਹਾੜ ਪਾਸੇ ਨੂੰ ਰਵਾਨਾ ਹੋ ਗਏ ਤੇ ਪਹਿਲਾਂ ਏਮਨਾਬਾਦ ਪਹੁੰਚੇ। ਫਿਰ ਕੁਝ ਦਿਨ ਬਾਦ ਤਲਵੰਡੀ ਗਏ।

**ਸਤੰਬਰ 1507 (ਅੱਸੂ ਸੰਮਤ 1564ਬਿ.)** ਨੂੰ ਬਾਬਾ ਮਰਦਾਨੇ ਨੂੰ ਲੈ ਸੁਲਤਾਨ ਪੁਰ ਤੋਂ ਰਵਾਨਾ ਹੋ ਜਾਂਦਾ ਹੈ। ਹੁਣ ਮਰਦਾਨਾ ਵੀ ਦਿਲੋਂ ਹੋ ਕੇ ਗੁਰੂ ਸਾਹਿਬ ਦਾ ਸਾਥ ਦੇਣ ਨੂੰ ਤਿਆਰ ਹੈ। ਤਲਵੰਡੀ ਚੌਧਰੀਆਂ ਹੁੰਦੇ ਹੋਏ ਗੋਇੰਦਵਾਲ ਲਾਗੋਂ ਦਰਿਆ ਬਿਆਸ ਪਾਰ ਕੀਤਾ। ਸ਼ਾਮ ਹੋਣ ਤੇ ਗੋਇੰਦਵਾਲ ਵਿਸ਼ਰਾਮ ਕੀਤਾ। ਓਦੋਂ ਅਜੇ ਗੋਇੰਦਵਾਲ ਨਹੀ ਸੀ ਵੱਸਿਆ। ਪਰ ਜਰਨੈਲੀ ਸੜ੍ਹਕ ਦਾ ਖਾਸ ਪੱਤਣ ਸੀ। ਏਥੇ ਨਿਰੰਕਾਰ ਨਾਲ ਅਜਿਹੀ ਲਿਵ ਲਗੀ ਦੋ ਤਿੰਨ ਦਿਨ ਇਥੇ ਹੀ ਗੁਜਾਰ ਦਿੱਤੇ।

ਇਥੇ ਇਕ ਜਿਮੀਦਾਰ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਛੱਲੀਆਂ ਭੁੰਨ ਕੇ ਚਬਾਈਆਂ। ਫਿਰ ਉਹ ਕਿਸਾਨ ਘਰ ਗਿਆ ਤੇ ਦੁੱਧ ਲੈ ਆਇਆ। ਅਗਲੇ ਦਿਨ ਉਸ ਜਿਮੀਦਾਰ ਦੇ ਭਰਾ ਨੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਭੋਜਨ ਕਰਾਇਆ। ਭਵਿਖਬਾਣੀ ਕੀਤੀ ਕਿ ਕੋਈ ਰਬ ਦਾ ਪਿਆਰਾ ਇਸ ਇਲਾਕੇ ਨੂੰ ਭਾਗ ਲਾਏਗਾ। ਗੁਰੂ ਅਮਰਦਾਸ ਨੇ ਫਿਰ ਇਥੇ ਜਰਨੈਲੀ ਸੜ੍ਹਕ ਤੇ ਆ ਵਸੇਬਾ ਕੀਤਾ। ਇਥੋਂ ਦਾ ਲੰਗਰ ਫਿਰ ਮੁਗਲ ਕਾਲ ਵਿਚ ਬਹੁਤ ਪ੍ਰਸਿੱਧ ਹੋਇਆ ਸੀ।



ਜਦੋਂ ਪਹਿਲੀ ਉਦਾਸੀ ਮੌਕੇ ਸੁਲਤਾਨਪੁਰ ਤੋਂ ਨਿਕਲੇ (ਬੀ:40 ਤਸਵੀਰ)

ਆਪਣੇ ਕਰਤਾਰ ਦੇ ਵੈਰਾਗ ਵਿੱਚ ਕਿੰਨੇ ਹੀ ਸ਼ਬਦ ਫਿਰ ਇਸ ਧਰਤੀ ਤੇ ਉਚਾਰੇ:

ਗਉੜੀ ਬੈਰਾਗਣਿ ਮਹਲਾ ੧ ॥ ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ਮੈਂ ਤਾਂ ਨਿਰੰਕਾਰ ਦੇ ਨਾਮ ਦੀ ਵਣਜਾਰਨ ਬਣ ਗਈ ਹਾਂ। ਕਦੀ ਗੁਰੂ ਸਾਹਿਬ ਦਾ ਧਿਆਨ ਕਿਸੇ ਹਿਰਨ ਹਿਰਨੀ ਵਲ ਪੈਂਦਾ ਹੈ ਕਦੀ ਸਪ ਵਲ, ਕਦੀ ਮੱਛੀ ਵਲ ਤੇ ਕਦੀ ਕੋਇਲ ਵਲ।

ਫਿਰ ਕਿਤੇ ਆਪਣੇ ਮਨ ਨੂੰ ਸਮਝਾਉਦੇ ਹਨ ਕਿ ਭਾਈ ਤੂੰ ਪੈਰ ਤਾਂ ਪੁੱਟ ਲਿਆ ਕਿਤੇ ਪਿੱਛੇ ਨਾਂ ਮੁੜ ਜਾਈ। ਸਾਹਿਬ ਦੇ ਮਨ ਨੂੰ ਦਿਲਾਸਾ ਹੈ ਕਿਉਕਿ ਮੈਨੂੰ ਸਮਝ ਹੈ ਇਸ ਕਰਕੇ ਮੈਂ ਇਸ ਬਘਿਆੜ ਰੂਪੀ ਮਨ ਨੂੰ ਵੱਸ ਵਿੱਚ ਕਰ ਲਿਆ ਹੈ।

ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥ ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ ॥ ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥ ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥੭॥ ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥ ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥ ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥

ਤੀਸਰੇ ਦਿਨ ਫਿਰ ਸਾਹਿਬ ਗੋਇੰਦਵਾਲ ਤੋਂ ਰਵਾਨੇ ਹੋਏ ਤੇ ਕਿਸੇ ਚਲਦੇ ਕਾਫਲੇ ਨਾਲ ਜਰਨੈਲੀ ਸੜਕ ਤੇ ਮੌਜੂਦ ਕਸਬਾ ਫਤਿਹਾਬਾਦ ਆ ਠਹਿਰੇ। ਓਥੇ ਪਠਾਣਾਂ ਦੀ ਫੌਜ ਦੀ ਵੀ ਵੱਡੀ ਛਾਉਣੀ ਸੀ। ਸ਼ਹਿਰ ਤਰੱਕੀ ਵਲ ਪੁਲਾਂਗ ਪੁੱਟ ਰਿਹਾ ਸੀ। ਯਾਦ ਰਹੇ ਛੇਤੀ ਹੀ ਫਤਿਹਾਬਾਦ ਵਿੱਚ ਵੱਡਾ ਸਰੋਵਰ ਤੇ ਮਸੀਤ ਖੁਦ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਬਣਵਾਉਂਦਾ ਹੈ। ਝੱਟ ਸ਼ਹਿਰ ਵਿੱਚ ਗੱਲ ਧੁੰਮ ਗਈ ਕਿ ਨਵਾਬ ਦੌਲਤ ਖਾਂ ਦਾ ਮੋਦੀ ਜੋ ਸਾਧ ਬਣ ਗਇਆ ਹੈ ਸ਼ਹਿਰ ਵਿੱਚ ਆਇਆ ਹੈ। ਲੋਕ ਨਾਨਕ ਮੋਦੀ ਨੂੰ ਵੇਖਣ ਦੌੜ ਉਠੇ। ਸ਼ਹਿਰ ਦਾ ਕੋਤਵਾਲ ਆਪ ਹਾਜਰ ਹੋਇਆ। ਗੁਰੂ ਸਾਹਿਬ ਨੇ ਕਿਸੇ ਗਰੀਬ ਦੇ ਘਰ ਹੀ ਰਾਤ ਗੁਜਾਰੀ। ਇਥੇ ਇਕ ਦੁਖੀਏ ਦਾ ਰੋਗ ਵੀ ਦੂਰ ਕੀਤਾ। ਬਾਬੇ ਦਾ ਹੁੰਦਾ ਸਤਿਕਾਰ ਵੇਖ ਮਰਦਾਨਾ ਵੀ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਣ ਲਗਾ। ਤਰਾਂ ਤਰਾਂ ਦੇ ਪਕਵਾਨ ਲੈ ਕੇ ਅਮੀਰ ਗਰੀਬ ਗੁਰੂ ਸਾਹਿਬ ਨੂੰ ਮਿਲੇ। ਸ਼ਾਮ ਵੇਲੇ ਗੁਰੂ ਸਾਹਿਬ ਦਾ ਵਖਿਆਨ ਸੁਣ ਕੇ ਸਭ ਦੇ ਮਨ ਨੂੰ ਠੰਡ ਪਹੁੰਚੀ। ਇਥੇ ਸਾਹਿਬ ਨੇ ਸ਼ਬਦ ਬੋਲਿਆ:

ਸਲੋਕੁ ਮਃ ੧ ॥ ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

**ਵੈਰੋਵਾਲ** -ਫਤਿਹਾਬਾਦ ਤੋਂ ਗੁਰੂ ਸਾਹਿਬ ਲਹੌਰ ਨੂੰ ਜਾਂਦੀ ਜਰਨੈਲੀ ਸੜਕ ਛੱਡ ਕੇ ਫਿਰ ਪਹਾੜ ਪਾਸੇ ਦਰਿਆ ਬਿਆਸ ਦੇ ਕੰਢੇ ਵਲ ਨੂੰ ਹੋ ਤੁਰੇ।ਬਾਬਾ ਜੀ ਨਗਰ ਵੈਰੋਵਾਲ ਗਏ। ਵੈਰੋਵਾਲ ਵੀ ਓਦੋਂ ਹਕੂਮਤ ਦਾ ਕੇਂਦਰ ਸੀ। ਸਮਝ ਲਓ ਕਿ ਤਹਿਸੀਲ ਦੇ ਬਰਾਬਰ ਅਹੁਦੇ ਦਾ ਸ਼ਹਿਰ।

ਇਲਾਕੇ ਦਾ ਮਹੌਲ ਇਥੇ ਵੀ ਮਰਦਾਨੇ ਲਈ ਡਰਾਉਣਾ ਸੀ। ਉਚੇ ਉਚੇ ਟਿੱਲੇ, ਸੰਙਣਾ ਜੰਗਲ ਬੇਲਾ। ਗੁਰੂ ਸਾਹਿਬ ਸ਼ਹਿਰ ਦੇ ਬਾਹਰਵਾਰ ਹੀ ਕਿਸੇ ਤਕੀਏ ਕਿਸੇ ਡੇਰੇ ਤੇ ਜਾ ਬਿਰਾਜੇ। ਮਰਦਾਨੇ ਨੇ ਜਾ ਸ਼ਹਿਰ ਵਿੱਚ ਖਬਰ ਦਿੱਤੀ ਕਿ ਨਵਾਬ ਦਾ ਮੋਦੀ ਸ਼ਹਿਰ ਵਿੱਚ ਆ ਗਇਆ ਹੈ। ਲੋਕਾਂ ਨੇ ਆਦਰ ਸਤਿਕਾਰ ਕੀਤਾ। ਬਦਕਿਸਮਤੀ ਨਾਲ ਇਤਹਾਸ ਇਸ ਬਾਰੇ ਚੁੱਪ ਹੈ ਕਿ ਇਥੋਂ ਦਾ ਕਿਹੜਾ ਮੁੱਖੀ ਸਿੱਖ ਹੋਇਆ ਹੈ। ਉਂਜ ਤੀਸਰੇ ਗੁਰੂ ਸਾਹਿਬ ਨੇ ਜਿਹੜੀਆਂ ਮੰਜੀਆਂ ਥਾਪੀਆਂ ਸਨ ਉਨਾਂ ਵਿੱਚੋਂ ਮਹਿਰਾ (ਝੀਵਰ) ਜਾਤ ਦਾ ਮਾਣਕ ਚੰਦ ਸੀ। ਸੋ ਹੋ ਸਕਦਾ ਹੈ ਕਿ ਉਹਦਾ ਪਿਤਾ ਹੀ ਨਾਨਕ ਪਾਤਸ਼ਾਹ ਦਾ ਮੁੱਖ ਸ਼ਰਧਾਲੂ ਹੋਵੇ।



ਗੁਰਦੁਆਰਾ ਨਾਨਕ ਪੜਾਓ ਫਤਿਹਾਬਾਦ (ਧੰਨਵਾਦ ਅਜੀਤ ਅਖਬਾਰ)



ਵੈਰੋਵਾਲ ਗੁਰਦੁਆਰਾ

----◈-----

## ਖਡੂਰ ਦੀ ਬੀਬੀ ਭਿਰਾਈ

ਵੈਰੋਵਾਲ ਤੋਂ ਚੱਲ ਗੁਰੂ ਸਾਹਿਬ ਜਦੋਂ ਖਡੂਰ ਦੇ ਲਾਗੇ ਆਏ ਤਾਂ ਮਰਦਾਨੇ ਦੀ ਭੁੱਖ ਦਾ ਮਸਲਾ ਖੜਾ ਹੋ ਗਿਆ। ਗੁਰੂ ਸਾਹਿਬ ਨੇ ਪਿੰਡੋਂ ਬਾਹਰ ਕੀਰਤਨ ਅਰੰਭ ਦਿਤਾ। ਲੋਕਾਈ ਇਕੱਠੀ ਹੋਈ। ਮਰਦਾਨੇ ਤੋਂ ਲੋਕਾਈ ਨੂੰ ਪਤਾ ਲੱਗਾ ਕਿ ਇਹ ਗੁਰੂ ਨਾਨਕ ਜੋ ਮੋਦੀਖਾਨਾ ਤਿਆਗ ਦੁਨਿਆਵੀ ਦੇ ਉਧਾਰ ਲਈ ਨਿਕਲੇ ਨੇ। ਗੁਰੂ ਸਾਹਿਬ ਦੇ ਉਪਦੇਸ਼ ਤੇ ਇਲਾਕਾ ਅੱਸ਼ ਅੱਸ਼ ਕਰ ਉਠਿਆ। ਜਿਵੇ ਉਨੀਂ ਦਿਨੀ ਰਿਵਾਜ ਹੁੰਦਾ ਸੀ ਹਰ ਕੋਈ ਆਪਣੇ ਵਿੱਤ ਅਨੁਸਾਰ ਭੇਟਾਂ ਲੈ ਲੈ ਪਹੁੰਚਿਆ। ਮਰਦਾਨਾਂ ਨਾਲੋ ਨਾਲ ਸੰਗਤਾਂ ਵਿਚ ਵਰਤਾਈ ਗਿਆ।

ਇਹਨਾਂ ਸ਼ਰਧਾਲੂਆਂ ਵਿਚ ਹੀ ਸੀ ਇਕ ਬੀਬੀ, ਨਾਂ ਭਿਰਾਈ ਇਹਦੇ ਪੇਕੇ ਮੱਤੇ ਦੀ ਸਰਾਂ ਵਿਚ ਸਨ। ਇਹ ਮੱਤੇ ਦੀ ਸਰਾਂ ਦੇ ਇਲਾਕੇ ਦੇ ਜਗੀਰਦਾਰ ਚੌਧਰੀ ਤਖਤ ਮਲ ਦੀ ਧੀ ਸੀ। ਸੋ ਗੁਰੂ ਅੰਗਦ ਦੇਵ ਦੀ ਭੂਆ ਲੱਗੀ। ਗੁਰੂ ਸਾਹਿਬ ਦੇ ਬਚਨ ਇਸ ਬੀਬੀ ਦਾ ਹਿਰਦਾ ਸ਼ਾਂਤ ਕਰ ਗਏ ਅਤੇ ਇਹ ਤੇ ਇਹਦਾ ਘਰਵਾਲਾ ਚੌਧਰੀ ਮਹਿਮਾ ਗੁਰੂ ਸਾਹਿਬ ਦੇ ਪੱਕੇ ਸ਼ਰਧਾਲੂ ਬਣ ਗਏ। ਸਗੋਂ ਇਹ ਪ੍ਰਵਾਰ ਗੁਰਮਤ ਨੇ ਪਹਿਲੇ ਪ੍ਰਚਾਰਕਾਂ ਵਿਚੋਂ ਹੋਇਆ ਹੈ। ਇਹਨਾਂ ਦੋਵਾਂ ਜੀਆਂ ਦੇ ਜਿੱਦ ਕਾਰਨ ਤੇ ਗੁਰੂ ਸਾਹਿਬ ਉਨਾਂ ਦੇ ਘਰ ਵੀ ਬਿਰਾਜੇ। ਖਡੂਰ ਸਾਹਿਬ ਵਿੱਚ ਪ੍ਰੰਪਰਾ ਹੈ ਕਿ ਗੁਰੂ ਨਾਨਕ ਪਾਤਸ਼ਾਹ 5 ਵਾਰੀ ਬੀਬੀ ਭਿਰਾਈ ਦੇ ਘਰ ਬਿਰਾਜੇ ਸਨ।

ਇਕ ਵੇਰਾਂ ਬੀਬੀ ਨੇ ਜਿਆਦਾ ਹੀ ਜਿੱਦ ਕੀਤੀ ਕਿ ਪਿੰਡ ਵਿੱਚ ਕੁਝ ਦੇਰ ਹੋਰ ਠਹਿਰੋ। ਗੁਰੂ ਸਾਹਿਬ ਨੇ ਪ੍ਰਣ ਦਿੱਤਾ ਕਿ ਮੈਂ ਮਹੀਨਿਆਂ ਬੱਧੀ ਤੇਰੇ ਕੋਲ ਰਹਾਂਗਾ। ਇਹੋ ਕਾਰਨ ਹੈ ਵਕਤ ਪਾ ਕੇ ਗੁਰੂ ਸਾਹਿਬ ਗੁਰੂ ਅੰਗਦ ਦੇ ਰੂਪ ਵਿੱਚ ਫਿਰ ਮਾਈ ਭਿਰਾਈ ਦੇ ਕੋਲ 6 ਮਹੀਨੇ ਰਹੇ।

ਬੀਬੀ ਭਿਰਾਈ ਦੇ ਸੰਬੋਧਨ ਵਿੱਚ ਗੁਰੂ ਨਾਨਕ ਨੇ ਕਿੰਨੇ ਹੀ ਸ਼ਬਦ ਉਚਾਰੇ ਹਨ। ਤਿਲੰਗ ਰਾਗ ਵਿੱਚ ਜਿਹੜਾ 'ਇਆਨੜੀਏ ਮਾਨੜਾ ਕਾਇ ਕਰੇਹਿ' ਵਾਲਾ ਸ਼ਬਦ ਇਸ ਵਿੱਚ ਵੀ ਮਾਈ ਭਿਰਾਈ ਦਾ ਜਿਕਰ ਆਉਦਾ। ਜਦੋਂ ਉਹ ਮਨਮੁਖ ਇਸਤ੍ਰੀ ਨੂੰ ਸਬੰਧਨ ਕਰਕੇ ਕਹਿੰਦੇ ਹਨ ਕਿ ਭੈਣੇ ਤੂੰ ਸਭਰਾਈ ਕੋਲੋਂ ਸਿੱਖ ਪ੍ਰਮੇਸ਼ਰ ਨੂੰ ਕਿਵੇ ਪਾਉਣਾ ਹੈ:-

ਤਿਲੰਗ ਮਃ ੧ ॥ ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ ਜਾਇ ਪੁਛਹੁ



ਅੱਜ ਗੁਰਦੁਆਰਾ ਬਣ ਚੁੱਕਾ ਹੈ -ਬੀਬੀ ਭਿਰਾਈ ਦਾ ਘਰ

ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

ਕਈ ਇਤਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਲਹਿਣੇ ਦੀ ਗੁਰੂ ਨਾਨਕ ਨਾਲ ਖਿੱਚ ਇਸ ਬੀਬੀ ਦੇ ਉਪਦੇਸ਼ ਕਾਰਨ ਹੀ ਬਣੀ ਸੀ।

ਖਡੂਰ ਤੋਂ ਚਲਕੇ+ ਗੁਰੂ ਸਾਹਿਬ ਬੰਡਾਲੇ ਦੇ ਜੋਗੀਆਂ ਨੂੰ ਤਾਰਦੇ ਹੋਏ, ਸ਼ੇਖ ਫੱਤੇ ਨੂੰ ਬਖਸ਼ਸ਼ਾਂ ਦਿੰਦੇ ਹੋਏ, ਸੁਲਤਾਨਵਿੰਡ ਥਾਣੀ ਹੁੰਦੇ ਹੋਏ ਪਿੰਡ ਕਲੇਰ ਲਾਗੇ ਮਸ਼ਹੂਰ ਜੋਗੀ ਮੱਠ ਪਹੁੰਚੇ ਜਿੱਥੇ ਅੱਜ ਰਾਮ ਤੀਰਥ ਹੈ। ਉਥੇ ਜੋਗੀਆਂ ਨੂੰ ਸਬਦ ਦੀ ਮਹੱਤਤਾ ਬਾਰੇ ਦੱਸਿਆ ਤੇ ਉਪਦੇਸ ਕੀਤਾ ਕਿ ਇਹ ਜਿਹੜੇ ਤੁਸੀ ਰੰਗ ਰੰਗ ਦੇ ਆਸਣ ਲਾਉਦੇ ਹੋ ਇਹਨਾਂ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀ।ਅਕਾਲ ਪੁਰਖ ਦੀ ਉਸਤਤ ਹੀ ਸਭ ਤੋਂ ਵੱਡਾ ਧਾਰਮਿਕ ਕਾਰਜ ਹੈ। ਇਥੇ ਲੋਕਾਈ ਦਾ ਕੋਈ ਇਕੱਠ ਵੀ ਸੀ। ਸਾਹਿਬ ਦਾ ਵੱਖਰਾ ਜਿਹਾ ਹੀ ਪ੍ਰਚਾਰ ਜਿਸ ਵਿਚ ਸਨਾਤਨੀ ਰੀਤਾਂ ਦਾ ਖੰਡਣ ਸੀ, ਬਾਬਤ ਸੁਣ ਕੇ ਇਥੋ ਦੇ ਮਸ਼ਹੂਰ ਪੰਡਤ ਰਾਮ ਚਰਨ ਦਾਸ ⊙ ਨੇ ਆ ਗੁਰੂ ਸਾਹਿਬ ਨਾਲ ਆਢਾ ਲਾਇਆ। ਇਸ ਮੌਕੇ ਗੁਰੂ ਸਾਹਿਬ ਨੇ ਸ਼ਬਦ ਕਿਹਾ:-

ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ




ਤਪਿਆਣਾ ਸਾਹਿਬ- ਖਡੂਰ ਵਿਖੇ ਜਿਥੇ ਗੁਰੂ ਸਾਹਿਬ ਆ ਡੇਰਾ ਲਾਇਆ ਸੀ।

ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥

ਜਦੋਂ ਪੰਡਤ ਨੂੰ ਪਾਪ ਪੁੰਨ ਦੇ ਸੰਕਲਪ ਦੀ ਸਮਝ ਲੱਗੀ ਕਿ ਇਹ ਐਵੇ ਕਹਾਵਤਾਂ ਹੀ ਨੇ ਅਤੇ ਨਾਮ ਦੇ ਸਿਧਾਂਤ ਦਾ ਪਤਾ ਲੱਗਾ ਤਾਂ ਗਿਆਨ ਹਾਸਲ ਕਰਕੇ ਇਹ ਬ੍ਰਾਹਮਣ ਗੁਰਮਤ ਦਾ ਵੱਡਾ ਪ੍ਰਚਾਰਕ ਬਣਿਆ। ਮਿਸਲਾਂ ਦੇ ਦੌਰ ਵੇਲੇ ਜਦੋਂ ਟਕਰਾਅ ਵਧੇ ਤਾਂ ਇਸ ਬ੍ਰਹਾਮਣ ਦੇ ਵੰਸਜ਼ਾਂ ਨੇ ਵੀ ਜੰਡਿਆਲੇ ਦੇ ਹੰਦਾਲੀਆਂ ਵਾਕੂ ਸਰਕਾਰ ਦਾ ਪੱਖ ਲੈ ਲਿਆ। ਇਥੇ ਹੀ ਫਿਰ ਕਲਾਨੌਰ ਦੇ ਜੰਮਪਲ ਦੀਵਾਨ ਲੱਖਪਤ ਰਾਏ ਨੇ (1735 ਈ ਦੇ ਨੇੜੇ ਤੇੜੇ) ਅੰਮ੍ਰਿਤਸਰ ਸਰੋਵਰ ਦੇ ਮੁਕਾਬਲੇ ਵੱਡੇ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਇਸ ਦੀ ਕਹਾਣੀ ਰਮਾਇਣ ਨਾਲ ਜੋੜ ਦਿੱਤੀ।

ਪੈੜ ਸਫਾ



ਗੁਰਦੁਆਰਾ ਤਪਿਆਣਾ ਸਾਹਿਬ ਦੇ ਬਾਹਰ ਹੀ ਹੈ **ਭਾਈ ਬਾਲਾ ਦੀ ਸਮਾਧ**। ਇਥੋਂ ਦੀ ਪ੍ਰੰਪਰਾ (ਰਵਾਇਤ) ਅਨੁਸਾਰ ਉਹ ਬਾਲਾ ਜੋ ਤਲਵੰਡੀ ਰਾਇ ਭੋਇ ਦਾ ਵਸਨੀਕ ਸੀ ਅਤੇ ਗੁਰੂ ਨਾਨਕ ਸਾਹਿਬ ਦਾ ਬਚਪਨ ਦਾ ਸਾਥੀ। ਇਸ ਨੇ ਯਾਤਰਾਵਾਂ ਵੇਲੇ ਵੀ ਕਦੀ ਇਕ ਅੱਧ ਵਾਰੀ ਸਾਹਿਬ ਦੀ ਸੰਗਤ ਕੀਤੀ ਹੋਈ ਸੀ। ਅਤੇ ਹੋਰ ਭਾਈ ਮਰਦਾਨੇ ਕੋਲੋ ਗੁਰੂ ਸਾਹਿਬ ਦੀਆਂ ਸਾਖੀਆਂ ਸੁਣੀਆਂ ਹੋਈਆਂ ਸਨ।

ਇਸ ਥਾਂ ਤੇ ਬਹਿ ਭਾਈ ਬਾਲਾ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਜਿਸ ਅਨੁਸਾਰ ਫਿਰ ਪਹਿਲੀ ਜਨਮਸਾਖੀ ਹੋਂਦ ਵਿਚ ਆਈ। 1544 ਈ. ਵਿਚ ਫਿਰ ਭਾਈ ਬਾਲਾ 73 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ। ਗੁਰੂ ਅੰਗਦ ਦੇਵ ਜੀ ਨੇ ਹੱਥੀ ਭਾਈ ਬਾਲੇ ਦਾ ਸਸਕਾਰ ਕੀਤਾ। ਸੋ ਇਹ ਕਹਿਣਾ ਗਲਤ ਹੈ ਕਿ ਭਾਈ ਬਾਲਾ ਨਾਂ ਦਾ ਕੋਈ ਬੰਦਾ ਹੋਇਆ ਹੀ ਨਹੀ। ਹਾਂ ਇਨਾਂ ਜਰੂਰ ਹੈ ਕਿ ਜਨਮ ਸਾਖੀ ਵਿਚ ਬਾਲਾ ਆਪਣੇ ਆਪ ਨੂੰ ਬਹੁਤ ਜਿਆਦਾ ਵਧਾ ਚੜਾ ਕੇ ਦੱਸਦਾ ਹੈ।

ਏਸੇ ਭਾਈ ਬਾਲੇ ਦੀ ਜਨਮ ਸਾਖੀ ਨੂੰ ਹੀ ਜੰਡਿਆਲੇ ਵਾਲੇ ਹੰਦਾਲੀਏ ਤ੍ਰੋੜ ਮਰੋੜ ਕੇ ਲਿਖਦੇ ਹਨ ਤੇ ਆਪਣੇ ਵਢੇਰੇ ਭਾਈ ਹੰਦਾਲ ਜੋ ਗੁਰੂ ਅਮਰ ਦਾਸ ਦਾ ਸਿੱਖ ਸੀ ਦੀ ਵਡਿਆਈ ਕਰਦਿਆਂ ਉਸ ਦੀ ਤੁਲਨਾ ਗੁਰੂ ਨਾਨਕ ਸਾਹਿਬ ਨਾਲ ਕਰਦਿਆਂ ਉਨ੍ਹੂੰ ਗੁਰੂ ਸਾਹਿਬ ਤੋਂ ਵੱਡੇਰੀ ਸ਼ਖਸੀਅਤ ਬਿਆਨ ਕਰ ਜਾਂਦੇ ਨੇ। ਇਹ ਹੰਦਾਲੀਏ ਜਦੋਂ 18ਵੀ ਸਦੀ ਵਿਚ ਸਿੱਖਾਂ ਤੇ ਬਿਪਤਾ ਪਈ ਸੀ ਤਾਂ ਉਸ ਵੇਲੇ ਮੁਗਲ ਹਕੂਮਤ ਦੀ ਝੋਲੀ ਵਿਚ ਪੈ ਗਏ ਸਨ ਤੇ ਸਿੱਖਾਂ ਖਿਲਾਫ ਮੁਖਬਰੀ ਕਰਿਆ ਕਰਦੇ ਸਨ।

ਬਦਕਿਸਮਤੀ ਨਾਲ ਭਾਈ ਬਾਲੇ ਵਾਲੀ ਮੂਲ ਭਾਵ ਅਸਲ ਜਨਮਸਾਖੀ ਅੱਜ ਕਿਤੇ ਵੀ ਨਹੀ ਬਚੀ। ਪਰ ਉਸ ਦੀ ਨਕਲ ਭਾਵ ਹੰਦਾਲੀਆਂ ਵਾਲੀ ਜਨਮ ਸਾਖੀ ਹੀ ਮਿਲਦੀ ਹੈ। ਏਸੇ ਨਕਲੀ ਜਨਮ ਸਾਖੀ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ ਬਾਰੇ ਬਖੇੜਾ ਖੜਾ ਕਰ ਦਿਤਾ ਕਿ ਜਨਮ ਵੈਸਾਖ ਨਹੀ ਕਤਕ ਦਾ ਹੈ।

ਇਥੋਂ ਗੁਰੂ ਸਾਹਿਬ ਲਹੌਰ ਨੂੰ ਨਿਕਲ ਗਏ ਹੋਣ ਤੇ ਅੱਗੇ ਫਿਰ ਐਮਨਾਬਾਦ ਪਹੁੰਚੇ।

----◈-----

## ਏਮਨਾਬਾਦ ਦਾ ਧਰਮੀ ਤਰਖਾਣ ਭਾਈ ਲਾਲੋ

ਸੁਲਤਾਨ ਪੁਰ ਤੋਂ ਰਵਾਨਾ ਹੋਣ ਤੋਂ 17ਵੇਂ ਦਿਨ ਬਾਬਾ ਤੇ ਮਰਦਾਨਾ ਏਮਨਾਬਾਦ (ਅਜ ਕਲ ਦੇ ਗੁਜਰਾਂਵਾਲਾ ਤੋਂ 15 ਕਿਲੋਮੀਟਰ) ਦੀ ਜੂਹ ਵਿੱਚ ਜਾ ਪਹੁੰਚਿਆ। ਐਮਨਾਬਾਦ ਦਾ ਪੁਰਾਣਾ ਨਾਂ ਸੈਦਪੁਰ ਹੁੰਦਾ ਸੀ। ਇਹ ਰਿਆਸਤ ਸੀ। ਲਗਦਾ ਹੈ ਗੁਰੂ ਨਾਨਕ ਨੇ ਭਾਈ ਲਾਲੋ ਤਰਖਾਣ ਦਾ ਨਾਂ ਪਹਿਲਾਂ ਹੀ ਸੁਣਿਆ ਹੋਇਆ ਸੀ ਕਿ ਕੋਈ ਧਰਮੀ ਬੰਦਾ ਸੈਦਪੁਰ ਰਹਿੰਦਾ ਹੈ।

ਓਧਰ ਬਾਬੇ ਦੀ ਮਸ਼ਹੂਰੀ ਤਾਂ ਪਹਿਲਾਂ ਹੀ ਥਾਂ ਥਾਂ ਪਹੁੰਚ ਚੁੱਕੀ ਸੀ ਕਿ ਨਵਾਬ ਦੌਲਤ ਖਾਂ ਲੋਧੀ ਦਾ ਇੱਕ ਖੱਤਰੀ ਵਜੀਰ (ਮੋਦੀ) ਸਾਧ ਬਣ ਗਇਆ ਹੈ। ਬਾਬਾ ਤੇ ਮਰਦਾਨਾ ਸਿੱਧਾ ਭਾਈ ਲਾਲੋ ਦੇ ਕਾਰਖਾਨੇ ਜਾ ਪਹੁੰਚੇ। ਲਾਲੋ ਘਟੌੜਾ ਗੋਤ ਦਾ ਤਰਖਾਣ ਸੀ। ਅੱਗੇ ਲਾਲੋ ਕਿੱਲੇ ਘੜ ਰਿਹਾ ਸੀ। ਦੁਆ ਸਲਾਮ ਤੋਂ ਬਾਦ ਲਾਲੋ ਨੇ ਬਾਬੇ ਤੇ ਮਰਦਾਨੇ ਨੂੰ ਬਹਿਣ ਵਾਸਤੇ ਬੇਨਤੀ ਕੀਤੀ।

ਲਾਲੋ ਕਹਿਣ ਲੱਗਾ "ਜੀ ਆਇਆ ਨੂੰ। ਕਿਥੋ ਤਸ਼ਰੀਫ ਲਿਆਏ ਨੇ ਰੱਬ ਦੇ ਬੰਦੇ।" ਮਰਦਾਨੇ ਨੇ ਕਿਹਾ, "ਫਕੀਰਾਂ ਦੇ ਕਿਹੜੇ ਟਿਕਾਣੇ। ਉਂਜ ਹੁਣ ਲੋਧੀ ਦੇ ਸੁਲਤਾਨਪੁਰ ਤੋਂ ਆ ਰਹੇ ਹਾਂ।" ਲਾਲੋ ਬੋਲ ਉਠਿਆ, "ਤੁਸੀ ਕਿਤੇ ਬਾਬਾ ਨਾਨਕ ਤਾਂ ਨਹੀ ਹੋ?" ਮਰਦਾਨੇ ਨੇ ਹਾਂ ਵਿੱਚ ਸਿਰ ਹਿਲਾਇਆ ਤੇ ਕਹਿਣ ਲੱਗਾ ਲਗਦੈ ਤੁਹਾਡਾ ਵੀ ਬਾਬੇ ਨਾਨਕ ਨਾਲ ਕੋਈ ਪੁਰਾਣਾ ਰਿਸਤਾ ਨਾਤਾ ਹੈ। ਜਿਹੜਾ ਝੱਟ ਪਛਾਣ ਗਏ ਹੋ। ਤੇ ਬਸ ਫਿਰ ਕੀ ਸੀ। ਇਸ ਗੱਲ ਤੋਂ ਗੱਲ ਅੱਗੇ ਤੁਰ ਪਈ।

ਮਰਦਾਨੇ ਨੇ ਝੱਟ ਬਾਬੇ ਨੂੰ ਸਵਾਲ ਕਰ ਦਿੱਤਾ ਕਿ ਬਾਬਾ ਜੀ ਤੁਸੀ ਤਾਂ ਕਹਿੰਦੇ ਹੋ ਕਿ ਗੁਰਮੁੱਖ ਦੀ 84 ਕੱਟੀ ਜਾਂਦੀ ਹੈ (ਜਨਮ ਮਰਨ ਕੱਟਿਆ ਜਾਂਦਾ ਹੈ) ਤਾਂ ਫਿਰ ਇਹ ਪਿੱਛਲੇ ਜਨਮਾਂ ਵਾਲੀ ਗੱਲ ਕਿਵੇ ਬਣੀ? ਗੁਰੂ ਜੀ ਨੇ ਤਦ ਮਰਦਾਨੇ ਨੂੰ ਸਿਧਾਂਤ ਸਮਝਾਇਆ ਕਿ ਅਕਾਲ ਪੁਰਖ ਦਾ ਇੰਤਜਾਮ ਐਨਾ ਵਿਸ਼ਾਲ ਹੈ ਕਿ ਜਿਹੋ ਜਿਹੀ ਕੋਈ ਭਾਵ ਭਾਵਨੀ ਰੱਖਦਾ ਹੈ ਓਹੋ ਜਿਹਾ ਵਰਤਾਰਾ ਉਸ ਨਾਲ ਹੋ ਜਾਂਦਾ। ਇਥੋਂ ਤੱਕ ਕਿ ਮੁਸਲਮਾਨ ਪਹੁੰਚੇ ਹੋਏ ਫਕੀਰਾਂ ਦੀ ਰੂਹ ਮੌਤ ਤੋਂ ਬਾਦ ਪਰਲੋ ਜਾਂ ਕਿਆਮਤ ਨੂੰ ਉਡੀਕਦੀ ਰਹਿੰਦੀ ਹੈ। ਏਸੇ ਤਰਾਂ ਸਨਾਤਨੀ ਲੋਕ ਜੋ ਅਵਤਾਰਵਾਦ ਨੂੰ ਮੰਨਦੇ ਹਨ ਜੰਮਦੇ ਮਰਦੇ ਰਹਿੰਦੇ ਹਨ ਭਾਵੇ ਉਹ ਕਿੰਨੇ ਵੀ ਧਾਰਮਿਕ ਕਿਓ ਨਾਂ ਹੋਣ। ਜਨਮ ਮਰਨ ਤੋਂ ਛਟਕਾਰਾਂ ਸਿਰਫ ਅਜੂਨੀ ਨਿਰੰਕਾਰ ਦੇ ਪੁਜਾਰੀਆਂ ਦਾ ਹੀ ਹੋ ਸਕਦਾ ਹੈ। ਗੁਰੂ ਸਾਹਿਬ ਨੇ ਦਿਆਲ ਹੋ ਕੇ ਫਿਰ "੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ

ਪੈੜ ਸਫਾ

⊙ਗਿਆਨੀ-88, ✚ ਗਿਆਨੀ, ਕੋਹਲੀ ਆਦਿ ਨੇ ਗੁਰੂ ਸਾਹਿਬ ਦਾ ਇਸ ਮੌਕੇ ਪੱਟੀ, ਖਾਲੜਾ, ਲਹੌਰ ਚੁਹੱਟਾ ਜਵਾਹਰ ਮੱਲ, ਕੀੜੀ ਪਠਾਣਾਂ, ਜਾਣਾ ਵੀ ਲਿਖਿਆ ਹੈ ਜੋ ਭੂਗੋਲਿਕ ਪੱਖੋ ਜਾਇਜ ਨਹੀ ਲਗਦਾ।

ਸੈਭੰ ਗੁਰ ਪ੍ਰਸਾਦਿ ॥" ਦਾ ਸਿਧਾਂਤ ਭਾਈ ਲਾਲੋ ਨੂੰ ਸਮਝਾਇਆ।

ਲਾਲੋ ਨੇ ਧਰਮੀ ਪੁਰਖਾਂ ਨੂੰ ਬੜਾ ਸੁਣਿਆ ਹੋਇਆ ਸੀ। ਪਰ ਅੱਜ ਤਾਂ ਲਗਿਆ ਕਿਸਮਤ ਉੱਘੜ ਆਈ। ਗੁਰੂ ਸਾਹਿਬ ਦੇ ਪੈਰ ਫੜ ਲਏ। "ਮੇਰੇ ਵੱਡੇ ਭਾਗ ਤੁਹਾਡੇ ਚਰਨ ਪਏ ਇਸ ਗਰੀਬ ਦੇ ਘਰ।"

ਅੱਗੇ ਗੱਲ ਤੁਰਨ ਲੱਗੀ ਸੀ ਕਿ ਲਾਲੋ ਨੇ ਅਰਜੋਈ ਕੀਤੀ ਕਿ ਸਾਹਿਬ ਪਹਿਲਾਂ ਅੰਨ-ਪਾਣੀ ਹੋ ਜਾਏ ਫਿਰ ਅਗਲੀ ਗੱਲ ਕਰਾਂਗੇ। ਮਰਦਾਨੇ ਨੇ ਹੀ ਇਸ ਗੱਲ ਦੀ ਹਾਮੀ ਭਰੀ।

## ਲਾਲੋ ਦੀ ਰਸੋਈ

ਜਦੋਂ ਭੋਜਨ ਦਾ ਵਕਤ ਆਇਆ ਤਾਂ ਕਿਰਤੀ ਲਾਲੋ ਨੇ ਚੌਂਕਾ ਤਿਆਰ ਕੀਤਾ। (ਰਸੋਈ ਨੂੰ ਪਵਿਤਰ ਕਰਨ ਲਈ ਗਾਂ ਦਾ ਗੋਹੇ ਦਾ ਪੋਚਾ ਫੇਰਿਆ ਜਾਂਦਾ ਸੀ।) ਨਾਲੇ ਫਿਰ ਸਰਾਧਾਂ ਦੇ ਦਿਨ ਚਲ ਰਹੇ ਸਨ ਲਾਲੋ ਨੇ ਕਰਮ-ਕਾਂਡ ਨੇਮਾਂ ਮੁਤਾਬਿਕ ਬਕਾਇਦਾ ਚੌਂਕਾ ਕਾਰ (ਚੌਂਕੇ ਦੁਆਰੇ ਗੋਲ ਦਾਇਰਾ ਬਣਾਉਣਾ) ਕੱਢੀ। (ਵੇਦ ਜਾਂ ਸਨਾਤਨ ਧਰਮ ਅਨੁਸਾਰ ਇਸ ਤਰਾਂ ਕਰਨ ਨਾਲ ਦੁਸਟ ਆਤਮਾਵਾਂ ਤੁਹਾਡੇ ਭੋਜਨ ਨੂੰ ਚੁਰਾ ਨਹੀ ਸਕਦੀਆਂ।)



ਸੈਦਪੁਰ (ਅੱਜ ਨਾਂ ਏਮਨਾਬਾਦ) ਦੇ ਚੜ੍ਹਦੇ ਪਾਸੇ, ਮੁਹੱਲਾ ਦੀਵਾਨ ਕਰਮ ਚੰਦ ਵਿਚ ਭਾਈ ਲਾਲੋ ਦਾ ਘਰ। (ਫੋਟੋ : ਹਾਰੂਨ ਖਾਲਿਦ)

ਗੁਰੂ ਸਾਹਿਬ ਨੇ ਓਥੇ ਫਿਰ ਚੌਕਾ ਤੇ ਚੌਕਾ-ਕਾਰ ਦੇ ਫੋਕਟ ਵਹਿਮ ਨੂੰ ਦੂਰ ਕੀਤਾ। ਸਾਹਿਬ ਨੇ ਸਮਝਾਇਆ ਕਿ ਕਿਵੇ ਪੂਰੀ ਧਰਤੀ ਹੀ ਪਵਿਤਰ ਹੈ। ਧਰਮਸਾਲ ਹੈ। ਫਿਰ ਜਿੱਥੇ ਰੱਬ ਦੀ ਉਸਤਤ ਹੋ ਜਾਵੇ ਉਹ ਹੋਰ ਵੀ ਪਵਿਤ੍ਰ ਹੋ ਜਾਂਦੀ ਹੈ।

ਬਸੰਤੁ ਮਹਲਾ ੧ ॥ ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

ਕਿਹਾ ਜਾਂਦਾ ਹੈ ਕਿ ਲਾਲੋ ਨੇ ਜਦੋਂ ਕੋਧਰੇ ਦੀ ਰੋਟੀ ਸਰੋਂ ਦੇ ਸਾਗ ਨਾਲ ਲਿਆ ਰੱਖੀ ਤਾਂ ਮਰਦਾਨੇ ਦਾ ਮੂੰਹ ਬਣ ਗਿਆ। ਗੁਰੂ ਸਾਹਿਬ ਸਮਝ ਗਏ ਤੇ ਕਹਿਣ ਲਗੇ ਮਰਦਾਨਿਆ ਖਾ ਕੇ ਤਾਂ ਵੇਖ ਕਿਰਤ ਦੀ ਰੋਟੀ ਦਾ ਸਵਾਦ ਸਭ ਤੋਂ ਉਤਮ ਹੁੰਦਾ ਹੈ। ਮਰਦਾਨੇ ਨੇ ਜਿਵੇ ਬੁਰਕੀ ਮੂੰਹ ਪਾਈ ਤਾਂ ਅਜਿਹਾ ਸਵਾਦ ਆਇਆ ਕਿ ਹੋਸ਼ ਉਡ ਗਏ। ਅੱਸ਼ ਅੱਸ਼ ਕਰ ਉਠਿਆ।

ਅਗਲੇ ਸਵੇਰੇ ਫਿਰ ਜਦੋਂ ਬਾਬਾ ਕੂਚ ਕਰਨ ਲਗੇ ਤਾਂ ਲਾਲੋ ਹੱਥ ਬੰਨ ਕੇ ਖਲੋ ਗਇਆ ਕਿ ਪਾਤਸ਼ਾਹ ਕੀ ਮੇਰੀ ਸੇਵਾ ਵਿੱਚ ਕਸਰ ਰਹਿ ਗਈ ਹੈ ਤੁਸੀ ਰਵਾਨਾ ਹੋ ਰਹੇ। ਮੇਰੇ ਤੇ ਤਰਸ ਕਰਕੇ ਕੁਝ ਦਿਨ ਹੋਰ ਠਹਿਰ ਜਾਂਓ ਨਾਂ, ਮੇਰਾ ਵੀ ਜਨਮ ਸਫਲ ਹੋ ਜਾਵੇ। ਤੁਹਾਡੇ ਚਰਨਾਂ ਲਾਗੇ ਤਾਂ ਜੀਵਨ ਦੀ ਸੋਝੀ ਆਈ ਹੈ। ਮੈਂ ਤਾਂ ਸਾਰੀ ਉਮਰ ਰੇਤ ਹੀ ਛਾਣਦਾ ਆਇਆ ਹਾਂ। ਗੁਰੂ ਸਾਹਿਬ ਲਾਲੋ ਦੀ ਦਿਲੀ ਭਾਵਨਾ ਵੇਖ ਕੇ ਰੁੱਕ ਗਏ।

ਫਿਰ ਮਰਦਾਨੇ ਕਿਹਾ ਕਿ ਸੱਚੇ ਪਾਤਸ਼ਾਹ ਜੇ ਹੁਕਮ ਹੋਵੇ ਤਾਂ ਮੈਂ ਤਲਵੰਡੀਓ ਗੇੜਾ ਕੱਢ ਆਵਾਂ। ਗੁਰੂ ਸਾਹਿਬ ਨੇ ਕਿਹਾ ਠੀਕ ਹੈ ਮਰਦਾਨਿਆ ਪਰ ਵੇਖੀ ਕਿਤੇ ਮਿਰਾਸਣ ਪੈਰੀ ਪੈਂਖੜ ਨਾਂ ਪਾ ਦੇਵੇ। ਮਰਦਾਨਾ ਕਹਿਣ ਲੱਗਾ ਗੁਰੂ ਜੀ ਹੁਣ ਮੈ ਹੋਰ ਕਾਸੇ ਜੋਗਾ ਨਹੀ ਰਹਿ ਗਇਆ ਇਹ ਤਾਂ ਰਹਿੰਦੀ ਹੁਣ ਤੁਹਾਡੇ ਚਰਨਾਂ ਵਿੱਚ ਹੀ ਕਟਣੀ ਹੈ।

ਮਰਦਾਨਾ ਤਲਵੰਡੀ ਰਵਾਨਾ ਹੋ ਗਿਆ। ਏਮਨਾਬਾਦ ਤੋਂ ਤਲਵੰਡੀ ਕੋਈ 82 ਕਿਲੋਮੀਟਰ ਹੈ। ਸੋ ਤਿੰਨ ਕੁ ਦਿਨ ਲਾਏ ਹੋਣਗੇ ਪਹੁੰਚਣ ਵਿੱਚ।

----◆-----

## "ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥"

ਮਰਦਾਨਾ ਤਲਵੰਡੀ ਨੂੰ ਚਲਾ ਗਿਆ। ਹੁਣ ਕੋਈ ਨਹੀ ਸੀ ਗੁਰੂ ਨਾਨਕ ਨੂੰ ਦਿਨੇ ਕਵਾਉਣ ਵਾਲਾ। ਬਾਬੇ ਦੀ ਮੌਜ ਬੱਝ ਗਈ। ਸਾਰਾ ਦਿਨ ਸ਼ਹਿਰੋ ਬਾਹਰ ਨਿਕਲ ਜਾਣਾ। ਉਜਾੜ ਜਿਹੀ ਥਾਂ, ਰੁੱਖਾਂ ਦਾ ਝੁੰਡ ਤੇ ਓਥੇ ਬਾਬੇ ਨੇ ਬੈਠੇ ਰਹਿਣਾਂ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕਰੀ ਜਾਣਾ। ਨਾਮ ਜਪੀ ਜਾਣਾ। ਇਤਹਾਸ ਵਿੱਚ ਥਾਂਈ ਥਾਂਈ ਆਉਦੈ ਹੈ ਕਿ ਗੁਰੂ ਸਾਹਿਬ ਨੂੰ ਨਾਮ ਵਿੱਚ ਲੋਹੜੇ ਦਾ ਅਨੰਦ ਆਉਦਾ ਸੀ। ਛੋਟੇ ਹੁੰਦਿਆਂ ਵੀ ਮਾਂ ਨੂੰ ਵੀ ਦੱਸਿਆਂ ਸੀ ਕਿ ਨਾਂਮ ਜਪਦਾ ਵਾਂ ਤਾਂ ਜੀਨਾਂ ਵਾਂ ਨਹੀ ਤਾਂ ਮੇਰਾ ਸਰੀਰ ਟੁੱਟਦਾ ਖੁੱਸਦਾ ਹੈ। "ਆਖਾ ਜੀਵਾ, ਵਿਸਰੈ ਮਰਿ ਜਾਉ ॥" ਲੋਕੀ ਕਾਰ ਵਿਹਾਰ ਵਿੱਚ ਲੱਗ ਜਾਂਦੇ ਤੇ ਬਾਬਾ ਇਕਾਂਤ ਝੰਗੀ ਵਿੱਚ ਚਲਾ ਜਾਂਦਾ ਜਿੱਥੇ ਅੱਜ ਗੁਰਦੁਆਰਾ ਰੋੜੀ ਸਾਹਿਬ ਹੈ। ਨਿਰੰਕਾਰ ਦੀ ਲਗਨ ਅਜਿਹੀ ਲਗਦੀ ਕਿ ਸਰੀਰ ਦੀ ਹੋਂਦ ਦਾ ਧਿਆਨ ਹੀ ਨਾਂ ਰਹਿੰਦਾ। ਬਾਬੇ ਨੂੰ ਰੋੜ ਗੀਟੇ ਪੱਥਰ ਕੁਝ ਨਾਂ ਚੁੱਭਦੇ। ਬਸ ਜਿੱਥੇ ਬਹਿ ਗਿਆ, ਬਹਿ ਗਿਆ। ਅਮੂਮਨ ਲਾਲੋ

ਪੈੜ ਸਫਾ

ਭਾਈ ਲਾਲੋ ਦਾ ਕੋਠਾ ਤੇ ਖੂਹੀ ਅਜੇ ਤੱਕ ਮੌਜੂਦ ਹੈ ਨਾਲੇ ਚੱਕੀ ਵੀ।

ਤਸਵੀਰਾਂ + ਲੋਧੀ ਕਾਲ ਦੀ ਮਸੀਤ

ਸਾਈਕਲ ਯਾਤਰੀ -573 ਨੇ ਆਪਣੀ ਏਮਨਾਬਾਦ ਫੇਰੀ (3 ਅਕਤੂਬਰ 1932) ਬਾਬਤ ਕੁਝ ਜੋ ਲਿਖਿਆ ਹੈ ਉਹ ਸਫਾ 342 ਤੇ ਦੇਖੋ)



ਗੁਰਦੁਆਰਾ ਰੋੜੀ ਸਾਹਿਬ ਜਿਥੇ ਸੈਦਪੁਰ ਸ਼ਹਿਰੋ ਬਾਹਰ ਆ ਗੁਰੂ ਸਾਹਿਬ ਸਾਰਾ ਸਾਰਾ ਦਿਨ ਅਕਾਲਪੁਰਖ ਨਾਲ ਜੁੜੇ ਰਿਹਾ ਕਰਦੇ ਸਨ। ਨਿਰੰਕਾਰ ਦੀ ਯਾਦ ਵਿਚ ਏਨਾ ਖੁੱਭ ਜਾਂਦੇ ਕਿ ਖਾਣਾ ਪੀਣਾ ਸੌਣਾ ਵੀ ਭੁੱਲ ਜਾਂਦੇ। ਏਸੇ ਕਰਕੇ ਭਾਈ ਗੁਰਦਾਸ ਨੇ ਲਿਖਿਆ ਸੀ:

ਪਹਿਲਾਂ ਬਾਬੇ ਪਾਯਾ ਬਖਸ ਦਰ ਪਿਛੋਂ ਦੇ ਫਿਰ ਘਾਲ ਕਮਾਈ॥
ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਨਿ ਆਈ॥

ਹੀ ਸ਼ਾਮੀ ਆ ਬਾਬੇ ਨੂੰ ਜਗਾਉਦਾ ਕਿ ਚਲੋ ਮਾਲਕ ਹੁਣ ਤਾਂ ਸੂਰਜ ਡੁੱਬਣ ਵਾਲਾ ਹੈ।

ਤਰਕਾਲਾਂ ਨੂੰ ਲਾਲੋ ਦੇ ਘਰ ਤਾਂ ਰੌਣਕ ਲੱਗ ਜਾਂਦੀ। ਦੁਨੀਆ ਨੂੰ ਖਬਰ ਤਾਂ ਹੋ ਹੀ ਚੁੱਕੀ ਸੀ ਕਿ ਪੰਜਾਬ ਦੇ ਹੁਕਮਰਾਨ ਦੌਲਤ ਖਾਂ ਲੋਧੀ ਦਾ ਮੋਦੀ ਅੱਜ ਕਲ ਫਕੀਰ ਬਣ ਗਰੀਬ ਲਾਲੋ ਦਾ ਮਹਿਮਾਨ ਬਣਿਆ ਹੋਇਆ ਹੈ। ਗਰੀਬ ਗੁਰਬੇ ਉਚ ਨੀਚ ਸਭ ਸ਼ਾਮੀ ਲਾਲੋ ਦੇ ਘਰ ਹਾਜਰ ਹੋ ਜਾਂਦੇ ਬਾਬੇ ਦਾ ਸੱਚ ਸੁਣਨ ਨੂੰ। ਅਕਸਰ ਆਪਣੇ ਨਿੱਜੀ ਦੁੱਖ ਤਕਲੀਫਾਂ ਵੀ ਆ ਬਾਬੇ ਦੇ ਚਰਨਾਂ 'ਚ ਰੱਖਦੇ। ਮਿਹਰਵਾਨ ਹਰ ਕਿਸੇ ਤੇ ਕਿਰਪਾ ਕਰੀ ਜਾਂਦਾ। ਖਾਲੀ ਕੋਈ ਨਾਂ ਜਾਂਦਾ। ਗਰੀਬ ਲਾਲੋ ਦਾ ਘਰ ਸਤਿਸੰਗ ਘਰ ਬਣ ਚੁੱਕਾ ਸੀ।

ਇਲਾਕੇ ਵਿੱਚ ਚਰਚਾ ਸ਼ੁਰੂ ਹੋ ਗਈ। ਇੱਕ ਫਕੀਰ, ਨਾਂ ਉਹ ਵੇਦ ਨੂੰ ਮੰਨਦਾ ਨਾਂ ਸ਼ਾਸਤਰ ਨੂੰ, ਨਾਂ ਕੁਰਾਨ ਨੂੰ ਨਾਂ ਪੁਰਾਣ ਨੂੰ। ਕਿੱਤੇ ਦੇ ਧਰਮੀ ਲੋਕ ਭਾਵ ਬ੍ਰਾਹਮਣ, ਪੁਜਾਰੀ, ਮੌਲਾਣੇ ਸਭ ਕਚੀਚੀਆਂ ਵੱਟ ਰਹੇ ਸਨ। ਉਨਾਂ ਦੇ ਭੜਕਾਉਣ ਕਰਕੇ ਕਈ ਵਾਰੀ ਨਾਢੂ ਖਾਂ ਕਿਸਮ ਦੇ ਲੋਕ ਬਾਬੇ ਦੇ ਦਰਬਾਰ ਵਿੱਚ ਪਹੁੰਚਦੇ ਕਿ ਇਸ ਕੁਰਾਹੀਏ ਨੂੰ ਇਥੋ ਭਜਾਈਏ। ਪਰ ਜਿਹੜਾ ਵੀ ਬਾਬੇ ਦੇ ਦਰ ਗਇਆ ਬਸ ਓਥੋਂ ਦਾ ਹੀ ਹੋ ਜਾਂਦਾ।

ਮਰਦਾਨੇ ਦੇ ਤਲਵੰਡੀ ਰਵਾਨਾ ਹੋਣ ਤੋਂ ਪਹਿਲਾਂ ਦੀ ਗੱਲ ਹੈ। ਇੱਕ ਦਿਨ ਮਰਦਾਨਾ ਏਮਨਾਬਾਦ ਦੇ ਬਜਾਰ ਵਿੱਚ ਸਤਿ ਕਰਤਾਰ ਸਤਿਕਾਰ, ਧੰਨ ਨਿਰੰਕਾਰ ਧੰਨ ਨਿਰੰਕਾਰ ਦੀ ਧੁੰਨ ਵਜਾਉਦਾ ਬਜਾਰ ਵਿੱਚੋਂ ਲੰਘ ਰਿਹਾ ਸੀ ਕਿ ਇੱਕ ਪਠਾਣ ਐਨਾ ਚਿੜਿਆ ਕਿ ਮਰਦਾਨੇ ਨੂੰ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ, "ਤੂ ਪਰਾਂ ਹੋ, ਮਾਮਾ ਸਤਿ ਕਰਤਾਰ ਦਾ। ਪਤਾ ਨਹੀ ਕਿਥੋਂ ਕਿਥੋ ਵੰਨਗੀਆਂ ਦੇ ਪਾਖੰਡੀ ਸਾਧ ਆ ਉਤਰਦੇ ਨੇ।"

ਮਰਦਾਨੇ ਨੇ ਆ ਸ਼ਕਾਇਤ ਕੀਤੀ ਕਿ ਬਾਬਾ ਕੋਈ ਨਹੀ ਤੇਰੇ ਨਿਰੰਕਾਰ ਨੂੰ ਮੰਨਦਾ। ਬਾਬਾ ਖੁਸ਼ ਹੋਇਆਂ ਸੁਣ ਕੇ। ਕਿਉਕਿ ਬਾਬੇ ਨੂੰ ਪਤਾ ਸੀ ਕਿ ਅਕਸਰ ਵਿਰੋਧੀ ਹੀ ਤੁਹਾਡਾ ਪ੍ਰਚਾਰਕ ਹੁੰਦਾ ਹੈ।

ਗਲ ਕੀ ਨਿਰਾ ਏਮਨਾਬਾਦ ਹੀ ਨਹੀ ਦੂਰ ਦੂਰ ਤੱਕ ਦੁਹਾਈ ਮੱਚ ਗਈ ਕਿ ਇੱਕ ਸਾਧ ਉਠਿਐ ਉਹ ਨਹੀ ਮੰਨਦਾ ਕਿਸੇ ਨੂੰ। ਨਾਂ ਇਸਲਾਮ ਨੂੰ ਮੰਨਦਾ, ਨਾਂ ਹਿੰਦੂ ਧਰਮ ਨੂੰ, ਨਾਂ ਜਾਤ ਨੂੰ, ਨਾ ਪਾਤ ਨੂੰ, ਨਾਂ ਉਚੈ ਨੂੰ, ਨਾਂ ਨੀਵੇ ਨੂੰ। ਉਹਦੇ ਵਾਸਤੇ ਸਭ ਬਰਾਬਰ ਨੇ। ਕੋਈ ਕਹੇ ਵਿਗੜਿਆ ਸਾਧ ਉਠਿਐ ਜਿਹੜਾ ਹਜਾਰਾਂ ਸਾਲ ਪੁਰਾਣੇ ਸਮਾਜਕ ਕਨੂੰਨ ਨੂੰ ਨਹਿਸ ਨਹਿਸ ਕਰਨਾਂ ਚਾਹੁੰਦੈ। ਕਹਿਣ, 'ਭਲਾ ਜੇ ਜਾਤ ਪਾਤ ਹੀ ਮੁੱਕ ਗਈ ਤਾਂ ਕੌਣ ਜੁੱਤੀਆ ਸੀਵੇਗਾ, ਕੌਣ ਸਫਾਈ ਕਰੂਗਾ, ਕੌਣ ਕਪੜੇ ਧੋਵੇਗਾ, ਹੈ ਹਨੇਰ ਸਾਈ ਦਾ!

----◆-----

## ਹੰਕਾਰੀ ਮਲਿਕ ਭਾਗੋ

ਦੇ ਮੂੰਹ ਤੇ ਕਿਹਾ ਤੇਰੀ ਕਮਾਈ ਵਿੱਚ ਤਾਂ ਗਰੀਬਾਂ ਦੇ ਖੂਨ ਦੀ ਲਾਲੀ ਹੈ

ਜਿਵੇ ਦੱਸਿਆ ਕਿ ਸੈਦਪੁਰ ਵੱਡੀ ਰਿਆਸਤ ਸੀ। ਹਾਕਮ (ਗਵਰਨਰ) ਪਠਾਣ ਸੀ। ਕਿਤੇ ਉਸਦਾ ਨਾਂ ਜ਼ਾਲਮ ਖਾਂ ਆਉਦਾ ਕਿਸੇ ਨੇ ਬਹਾਰ ਖਾਂ ਲਿਖਿਆ ਹੈ। ਉਸਦਾ ਮੰਤਰੀ ਜਾਂ ਕਾਰਦਾਰ



ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਦਾ ਸ਼ਾਨਦਾਰ ਦਰਵਾਜਾ

ਜਾਂ ਮੈਨੇਜਰ ਕਹਿ ਲਓ ਮਲਕ ਭਾਗੋ* ਨਾਂ ਦਾ ਸਰੀਂ (ਅਜਕਲ ਸਰੀਨ ਲਿਖਦੇ ਨੇ) ਗੋਤ ਦਾ ਹਿੰਦੂ ਖੱਤਰੀ ਸੀ। ਸਰਾਧਾਂ ਦੇ ਦਿਹਾੜੇ ਚਲ ਰਹੇ ਸਨ। ਗੁਰੂ ਸਾਹਿਬ ਲਾਲੋ ਦੇ ਘਰ ਹੀ ਰਹਿ ਰਹੇ ਸਨ। ਮਲਕ ਭਾਗੋ ਨੇ ਆਪਣੇ ਵਢੇਰਿਆਂ ਦੇ ਸਰਾਧ ਰੱਖ ਲਏ। ਹਿੰਦੂ ਧਰਮ ਵਿੱਚ ਇਹ ਮਾਨਤਾ ਹੈ ਕਿ ਇਨਾਂ ਦਿਨਾਂ ਵਿੱਚ ਜਿਹੜਾ ਬੰਦਾ ਬ੍ਰਾਹਮਣਾਂ ਨੂੰ ਭੋਜਨ ਕਰਾਏਗਾ ਉਹ ਉਹਦੇ ਗੁਜਰ ਚੁੱਕੇ ਮਾਪਿਆਂ ਤੱਕ ਪਹੁੰਚ ਜਾਏਗਾ। ਹਿੰਦੂ ਸ਼ਰਧਾਲੂ ਫਿਰ ਸਵਾਦੀ ਤੇ ਵਧੀਆ ਭੋਜਨ ਬ੍ਰਾਹਮਣਾਂ ਨੂੰ ਕਰਾਉਂਦੇ ਹਨ।

ਭਾਗੋ ਨੇ ਇਲਾਕੇ ਦੇ ਸਾਰੇ ਬ੍ਰਾਹਮਣ ਤੇ ਹੋਰ ਸਾਧੂ ਸੰਤ ਵੀ ਬ੍ਰਹਮ ਭੋਜ ਤੇ ਸੱਦ ਲਏ। ਸੁਨੇਹਾ ਗੁਰੂ ਨਾਨਕ ਨੂੰ ਵੀ ਆਇਆ। ਪਰ ਗੁਰੂ ਜੀ ਮਸਤ ਰਹੇ।

ਸਰਾਧ ਛੱਕ ਰਹੇ ਬ੍ਰਾਹਮਣਾਂ ਵਿੱਚ ਗੁਰੂ ਨਾਨਕ ਬਾਰੇ ਚਰਚਾ ਛਿੜ ਗਈ, ਕਿ ਹਿੰਦੂ ਹੋ ਕੇ ਸਨਾਤਨੀ ਅਸੂਲਾਂ ਤੋਂ ਆਕੀ ਹੈ ਤੇ

ਸ਼ੂਦਰਾਂ ਦੇ ਘਰ ਭੋਜਨ ਵੀ ਛਕ ਲੈਂਦਾ ਹੈ, ਆਦਿ ਆਦਿ। ਰਾਜ ਬ੍ਰਾਹਮਣ ਨੇ ਕਿਹਾ ਕਿ ਕੀ ਗੁਰੂ ਨਾਨਕ ਨਹੀ ਆਇਆ ਭੋਜਨ ਤੇ। ਅਗੋ ਨੌਕਰਾਂ ਜਵਾਬ ਦਿੱਤਾ ਕਿ ਜੀ ਸੱਦਾ ਬਾਕਾਇਦਾ ਉਸ ਨੂੰ ਦੇ ਆਏ ਹਾਂ ਜੀ।

ਮਲਿਕ ਭਾਗੋ ਨੇ ਬੁਰਾ ਮਨਾਇਆ ਜਿਹੜਾ ਉਹਦੇ ਸੱਦੇ ਤੇ ਗੁਰੂ ਨਹੀ ਸੀ ਪਹੁੰਚਿਆ। ਉਹ ਜਾਨਣਾ ਚਾਹੁੰਦਾ ਸੀ ਕਿ ਇਹ ਕਿਹੜਾ ਖੱਤਰੀ ਹੈ ਜੋ ਸਨਾਤਨ ਧਰਮ ਤੋਂ ਬਾਗੀ ਹੋਇਆ ਫਿਰਦਾ ਹੈ?

ਮਲਿਕ ਤਾਂ ਪਹਿਲਾਂ ਹੀ ਭਰਿਆ ਪੀਤਾ ਪਿਆ ਸੀ। ਉਸ ਨੇ ਸਿਪਾਹੀ ਨੂੰ ਕਿਹਾ ਕਿ ਜਾਓ ਲਾਲੋ ਤਰਖਾਣ ਦੇ ਘਰ ਜਿਹੜਾ ਸਾਧ ਆਇਆ ਹੈ ਉਨੂੰ ਲੈ ਕੇ ਆਓ।

ਸਿਪਾਹੀਆਂ ਆ ਕੇ ਬਾਬੇ ਨੂੰ ਚਲਣ ਵਾਸਤੇ ਕਿਹਾ। ਬਾਬੇ ਨੇ ਕਿਹਾ ਕਿ ਮੈਨੂੰ ਭੁੱਖ ਨਹੀ ਹੈ ਬ੍ਰਹਮ ਭੋਜ ਦੀ। ਸਿਪਾਹੀਆਂ ਕਿਹਾ ਕਿ ਸਰਕਾਰ ਦਾ ਹੁਕਮ ਹੈ ਕਿ ਸਾਧ ਨੂੰ ਲੈ ਕੇ ਆਓ। ਸੋ ਚਲੋ ਸਾਡੇ ਨਾਲ। ਗੁਰੂ ਸਾਹਿਬ ਚਲ ਪਏ। ਸਿਪਾਹੀਆਂ ਦੀਆਂ ਗੱਲਾਂ ਤੋਂ ਇਹ ਵੀ ਪਤਾ ਚਲ ਗਇਆ ਕਿ ਮਲਿਕ ਗੁੱਸੇ ਵਿੱਚ ਹੈ। ਭਾਈ ਲਾਲੋ ਇਹ ਵੇਖ ਕੇ ਥੋੜਾ ਸਹਿਮ ਗਇਆ ਤੇ ਹਾਲਾਤ ਵੇਖਣ ਨੂੰ ਪਿੱਛੇ ਪਿੱਛੇ ਚਲ ਪਿਆ। ਹੋਰ ਵੀ ਤਮਾਸ਼ਬੀਨ ਨਾਲ ਵਧਦੇ ਗਏ।

ਪਹੁੰਚ ਕੇ ਗੁਰੂ ਸਾਹਿਬ ਨੇ ਮਲਿਕ ਭਾਗੋ ਨੂੰ ਨਮਸਕਾਰ ਕੀਤੀ। ਮਲਿਕ ਗੁੱਸੇ ਨਾਲ ਭਰਿਆ ਪੀਤਾ ਸੀ। ਕਹਿਣ ਲੱਗਾ ਤੁਹਾਨੂੰ ਸੁਨੇਹਾ ਭੇਜਿਆ ਸੀ ਤੁਸੀ ਭੋਜਨ ਤੇ ਆਏ ਨਹੀ ਇਹ ਪੁਰਾਣੀ ਆਕੜ ਤੁਸਾਂ ਅਜੇ ਵੀ ਨਹੀ ਛੱਡੀ। ਮੈਨੂੰ ਪਤਾ ਲਗਾ ਕਿ ਤੁਸੀ ਵੀ ਸੁਲਤਾਨ ਪੁਰ ਵਿਖੇ ਮੋਦੀ ਸੀ। ਸਾਧ ਬਣਨ ਦਾ ਫਾਇਦਾ ਕੀ ਹੋਇਆ ਜੇ ਮਨ ਵਿੱਚ ਹਲੀਮੀ ਹੀ ਨਹੀ ਆਈ?



"ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥"

ਭਾਈ ਲਾਲੋ ਦੇ ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਮਲਿਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਸਿੰਮਦਾ ਹੋਇਆ।

ਗੁਰੂ ਸਾਹਿਬ ਨੇ ਕਿਹਾ ਮਲਿਕ ਜੀ ਮੇਰਾ ਹਕੂਮਤ ਲਈ ਆਦਰ ਸਤਿਕਾਰ ਹੈ ਪਰ ਮੈਂ ਉਹ ਕੁਝ ਨਹੀ ਖਾਂਦਾ ਜਿਸਦੇ ਖਾਣ ਨਾਲ ਮੇਰੇ ਸਰੀਰ ਵਿੱਚ ਵਿਕਾਰ ਚਲਣ।

ਮਲਿਕ ਕਹਿੰਦਾ ਅਸੀ ਕਿਹੜਾ ਜ਼ਹਿਰ ਪਾ ਦਿੱਤਾ ਹੈ ਭੋਜਨ ਵਿੱਚ?

ਗੁਰੂ ਸਾਹਿਬ ਨੇ ਕਿਹਾ ਸਾਨੂੰ ਦਸਾਂ ਨਹੁੰਆਂ ਦੇ ਕਿਰਤ ਕਰਨ ਵਾਲੇ ਦੇ ਘਰ ਦੇ ਭੋਜਨ ਵਿੱਚੋਂ ਜਿਆਦਾ ਸਵਾਦ ਆਉਦਾ ਹੈ। ਇਸ ਤੋਂ ਪਹਿਲਾਂ ਕਿ ਮਲਿਕ ਭਾਗੋ ਆਪਣਾ ਗੁੱਸਾ ਦਿਖਾਉਦਾ ਬਾਬੇ ਨੇ ਲਾਲੋ ਨੂੰ ਕਿਹਾ, "ਜਾ ਲਾਲੋ ਆਪਣੇ ਘਰੋ ਕੋਈ ਰੁੱਖੀ ਮਿੱਸੀ ਰੋਟੀ ਪਈ ਹੈ ਤਾਂ ਲੈ ਕੇ ਆ।" ਨਾਲ ਹੀ ਮਲਿਕ ਨੂੰ ਕਿਹਾ ਕਿ ਮਲਿਕ ਸਾਬ ਤੁਸੀ ਵੀ ਆਪਣਾ ਭੋਜਨ ਮੰਗਵਾਓ।

ਦੋਵਾਂ ਪਾਸਿਆਂ ਦੇ ਭੋਜਨ ਆਉਣ ਤੇ ਬਾਬੇ ਨੇ ਇੱਕ ਹੱਥ ਵਿੱਚ ਲਾਲੋ ਦੀ ਸੁੱਕੀ ਜਿਹੀ ਕੋਧਰੇ ਦੀ ਰੋਟੀ ਲੈ ਲਈ ਤੇ ਦੂਸਰੇ ਹੱਥ ਵਿੱਚ ਮਲਿਕ ਭਾਗੋ ਦਾ ਪੂੜਾ ਲੈ ਲਿਆਂ। ਆਪਣੀਆਂ ਮੁੱਠਾਂ ਵਿੱਚ ਜਦੋ ਦੋਵੇ ਭੋਜਨ ਦਬਾਏ ਤਾਂ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਸਿਮਣ ਲਗ ਪਿਆ ਤੇ ਭਾਗੋ ਦੇ ਪੂੜੇ ਵਿੱਚੋ ਲਹੂ ਦੇ ਤੁਬਕੇ ਡਿਗਣੇ ਸ਼ੁਰੂ ਹੋ ਗਏ।

ਬਾਬੇ ਨੇ ਕਿਹਾ ਮਲਿਕ ਜੀ ਤੁਹਾਡਾ ਭੋਜਨ ਹਰਾਮ ਦੀ ਕਮਾਈ ਤੋਂ ਬਣਿਆ ਹੈ। ਮਾਫ ਕਰਨਾਂ ਇਸ ਵਿੱਚ ਗਰੀਬਾਂ ਮਜਲੂਮਾਂ ਨਾਲ ਹੋਈ ਜਿਆਦਤੀ ਦੀ ਦੁਰਗੰਧ ਹੈ।

ਭਰੀ ਕਚਿਹਰੀ ਵਿੱਚ ਮਲਿਕ ਭਾਗੋ ਛਿੱਥਾ ਪੈ ਗਿਆ। ਬ੍ਰਾਹਮਣ ਕੋਈ ਫਿਰ ਕੀ ਦਲੀਲ ਦਿੰਦਾ। ਸਾਰਿਆਂ ਨੂੰ ਆਪਣਾ ਆਪਣਾ ਪਾਲਾ ਸੁੱਝਦਾ ਸੀ। ਸਾਰਿਆਂ ਨੇ ਦੰਦਾਂ ਥੱਲੇ ਜਬਾਨ ਲੈ ਲਈ।

ਗੁਰੂ ਸਾਹਿਬ ਨੇ ਧਰਮ ਦੀ ਕਿਰਤ ਬਾਰੇ ਭਰੀ ਸਭਾ ਨੂੰ ਸਮਝਾਇਆ ਕਿ ਇਹ ਸੁਖੀ ਜੀਵਨ ਦਾ ਰਾਜ ਹੈ। ⊙

----◈-----

## ਰਾਜੇ ਨੇ ਬੀਮਾਰ ਮੁੰਡੇ ਨੂੰ ਬਚਾਉਣ ਖਾਤਰ ਸਾਰੇ ਸਾਧੂ ਫਕੀਰ ਗ੍ਰਿਫਤਾਰ ਕਰ ਲਏ

ਸੈਦਪੁਰ ਸੰਡਿਆਲੀ ਜਾਂ ਸੈਦਪੁਰ ਸਰੋਏ (ਮਿਹਰਵਾਨ ਨੇ ਸੈਦਪੁਰ ਸਲੋਈ ਲਿਖਿਆ ਹੈ) ਜਿਹਦਾ ਬਾਦ ਵਿੱਚ ਅਕਬਰ ਨੇ ਨਾਂ ਬਦਲ ਕੇ ਏਮਨਾਬਾਦ ਕਰ ਦਿੱਤਾ ਤੇ ਜਿਸ ਨਾਮ ਨਾਲ ਇਹ ਅੱਜ ਵੀ ਜਾਣਿਆ ਜਾਂਦਾ ਹੈ ਓਥੋਂ ਦਾ ਹੁਕਮਰਾਨ ਬਹਾਰ ਖਾਂ ਪਠਾਣ ਬਹੁਤ ਜਾਲਮ ਕਿਸਮ ਦਾ ਬੰਦਾ ਸੀ। ਬਾਦ ਵਿਚ ਆਏਗਾ ਕਿ ਕਿਵੇ ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਗੁੱਸੇ ਵਿੱਚ ਆ ਕੇ ਉਸ ਨੇ ਸ਼ਹਿਰ ਦੇ ਬਸ਼ਿੰਦਿਆਂ ਦਾ ਵੀ ਇਹਦੀ ਵਜਾ ਕਰਕੇ ਕਤਲਾਮ ਕੀਤਾ।

ਬਹਾਰ ਖਾਂ ਦਾ ਜਵਾਨ ਮੁੰਡਾ ਲੰਮੇ ਸਮੇ ਤੋਂ ਮਣਿਆਦੀ ਬੁਖਾਰ ਨਾਲ ਬੀਮਾਰ ਸੀ। ਇੱਕ ਦਿਨ ਮਲਿਕ ਭਾਗੋ ਜਦੋਂ ਨਵਾਬ ਨੂੰ

ਪੈੜ ਸਫ਼ਾ

⊙ ਇਹ ਸਾਖੀ ਸੋਢੀ 2-385 ਵਿੱਚ ਕੁਝ ਵੱਖਰੇ ਸਰੂਪ ਵਿੱਚ ਮਿਲਦੀ ਹੈ। ਇਥੇ ਇਕੱਲੇ ਭਾਗੋ ਦੀ ਥਾਵੇ ਦੋ ਭਾਈਵਾਲ ਭਾਗੋ ਖਹੇਰੜ ਤੇ ਗੰਗੂ ਦਿਲਾਵਰੀ ਦਿੱਤੇ ਹਨ। ਸਥਾਨ ਵੀ ਲਹੌਰ ਲਿਖਿਆ ਹੈ। ਲਾਲੋ ਦਾ ਜਿਕਰ ਨਹੀ। ਨਾਂ ਹੀ ਕਰਾਮਾਤ ਵਾਲੀ ਗੱਲ ਲਿਖੀ ਹੈ। ਜੇ ਸਾਖੀਆਂ ਗਹੁ ਨਾਲ ਪੜੀਏ ਤਾਂ ਪਤਾ ਲਗਦਾ ਹੈ ਬਾਲੇ ਵਾਲੀ ਸਾਖੀ ਵਿੱਚ ਲਿਖਾਰੀ ਦੀ ਘਟਨਾ ਨਾਲ ਨੇੜਤਾ ਦਿਸਦੀ ਹੈ। ਬਾਲੇ ਨੇ ਬ੍ਰਾਹਮਣ ਦਾ ਨਾਂ ਤੱਕ ਵੀ ਦਿੱਤਾ ਹੈ। ਸੋਢੀ ਵਿੱਚ ਨਾਵਾਂ ਦੀ ਘਾਟ। ਲਗਦੈ ਸੋਢੀ ਕਲਾਨੌਰ ਵਾਲੇ ਦੂਨੀ ਚੰਦ ਦੇ ਪਿਤਾ ਦੇ ਸਰਾਧ ਵਾਲੀ ਗੱਲ ਨਾਲ ਰਲ ਗੱਢ ਕਰ ਗਇਆ ਹੈ। ਵੇਖੋ ਸਫਾ 479.

ਮਿਲਣ ਗਇਆ ਤਾਂ ਨਵਾਬ ਬਹੁਤ ਮਾਯੂਸੀ ਦੇ ਆਲਮ ਵਿੱਚ ਸੀ ਕਿ ਮੁੰਡਾ ਦਿਨ ਬਦਿਨ ਹੇਠਾਂ ਹੀ ਜਾਈ ਜਾ ਰਿਹਾ ਹੈ। ਭਾਗੋ ਨੂੰ ਕਹਿੰਦਾ ਤੂੰ ਹੀ ਕੋਈ ਸਲਾਹ ਦੇ ਕੀ ਕੀਤਾ ਜਾਵੇ? ਭਾਗੋ ਨੇ ਜਿੰਨੇ ਹਕੀਮਾਂ ਵੈਦਾਂ ਦੇ ਨਾਂ ਦੱਸੇ ਪਠਾਣ ਨੇ ਜਵਾਬ ਦਿੱਤਾ ਕਿ ਉਹ ਤਾਂ ਸਾਰੇ ਪਹਿਲਾਂ ਹੀ ਮੱਥਾ ਮਾਰ ਚੁੱਕੇ ਨੇ। ਭਾਗੋ ਕਹਿੰਦਾ ਜੇ ਵੈਦ ਹਕੀਮ ਮੁੰਡੇ ਨੂੰ ਰਾਜੀ ਨਹੀ ਕਰ ਪਾਏ ਤਾਂ ਆਹ ਸਾਧਾਂ ਫਕੀਰਾਂ ਨੂੰ ਫੜੀਏ ਜਿਹੜੀਆਂ ਡਾਰਾਂ ਦੀਆਂ ਡਾਰਾਂ ਤੁਰੀਆਂ ਫਿਰਦੀਆਂ ਨੇ। ਇਤਹਾਸ ਵਿਚ ਆਉਦਾ ਹੈ ਕਿ ਬਾਦ ਵਿਚ ਬਾਬਰ ਨੇ ਵੀ ਫਕੀਰਾਂ ਤੇ ਆਪਣਾ ਗੁੱਸਾ ਝਾੜਿਆ ਸੀ ਜਦੋਂ ਉਸ ਨੇ ਪੀਰ ਕੰਨੂ ਤੇ ਉਸਦੇ ਸੇਵਕਾਂ ਦਾ ਕਤਲ ਕਰ ਦਿੱਤਾ ਸੀ।



ਐਮਨਾਬਾਦ ਦੇ ਚੜ੍ਹਦੇ ਪਾਸੇ ਅੱਜ ਵੀ ਲੋਧੀ ਪਠਾਣਾਂ ਦੀ ਬਣਾਈ ਹੋਈ ਮਸੀਤ ਖੜੀ ਹੈ। ਹੋ ਸਕਦੈ ਓਸੇ ਪਠਾਣ ਨੇ ਬਣਾਈ ਹੋਵੇ ਜਿਹਦਾ ਮੁੰਡਾ ਬੀਮਾਰ ਸੀ।

ਪਠਾਣ ਨੂੰ ਭਾਗੋ ਦੀ ਸਲਾਹ ਚੰਗੀ ਲਗੀ।

ਨਵਾਬ ਨੇ ਪੁਲਿਸ ਨੂੰ ਹੁਕਮ ਚਾੜ ਦਿੱਤਾ ਕਿ ਜਿੱਥੇ ਕਿਤੇ ਕੋਈ ਸਾਧੂ ਫਕੀਰ ਮੰਗਤਾ ਨਜਰ ਆਉਦਾ ਸਭ ਨੂੰ ਗ੍ਰਿਫਤਾਰ ਕਰ ਲਓ। ਬਾਬਾ ਵੀ ਕਾਬੂ ਆ ਗਿਆ।

ਲਾਲੋ ਨੂੰ ਜਦੋਂ ਪਤਾ ਲੱਗਾ ਕਿ ਬਾਬਾ ਬੰਦ ਹੈ ਤਾਂ ਠਾਣੇ ਵਿੱਚ ਬਾਬੇ ਨੂੰ ਮਿਲਣ ਗਇਆ ਤੇ ਵੱਡਾ ਅਫਸੋਸ ਜਾਹਰ ਕੀਤਾ। ਗੁਰੂ ਸਾਹਿਬ ਨੇ ਲਾਲੋ ਨੂੰ ਸਮਝਾਇਆ ਕਿ ਵੇਖਦੇ ਜਾਓ ਨਿਰੰਕਾਰ ਦਾ ਕੀ ਹੁਕਮ ਅਤੇ ਕਿਵੇ ਕਾਰਨ ਬਣਦਾ ਹੈ। ਕਿਹਾ ਲਾਲੋ ਤੂੰ ਉਹਦੀ ਰਜਾ ਤਾਂ ਵੇਖ ਕਿ ਉਹ ਕਿਹਨੂੰ ਵਡਿਆਈ ਬਖਸਦਾ ਹੈ:

**ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥**

ਜਦੋਂ ਇਲਾਕੇ ਦੇ ਸਾਰੇ ਫਕੀਰ ਫੜੇ ਗਏ ਤਾਂ ਨਵਾਬ ਠਾਣੇ ਵਿੱਚ ਜਾ ਕੇ ਫਕੀਰਾਂ ਅੱਗੇ ਹੱਥ ਜੋੜ ਕੇ ਬੇਨਤੀ ਕਰਨ ਲਗ ਪਿਆ ਕਿ "ਮਹਾਤਮਾ ਪੁਰਖੋ ਤੁਸੀ ਜਾਣਦੇ ਹੋ ਮੈਂ ਤਾਂ ਸੇਵਾਦਾਰ ਬੰਦਾ ਹਾਂ। ਲੋਕਾਂ ਦੀ ਸੇਵਾ ਵਿੱਚ ਤਤਪਰ ਰਹਿੰਦਾ ਹਾਂ। ਪਰ ਲੰਮੇ ਸਮੇਂ ਤੋਂ ਮੇਰਾ ਮੁੰਡਾ ਰਾਜੀ ਨਹੀ ਹੋ ਰਿਹਾ। ਮੈਂ ਤੁਹਾਨੂੰ ਖੇਚਲ ਦਿੱਤੀ ਹੈ ਕਿ ਮੇਰੇ ਤੇ ਤਰਸ ਕਰਕੇ ਆਪਣੀ ਕਲਾ ਵਰਤਾਅ ਕੇ ਮੇਰੇ ਮੁੰਡੇ ਨੂੰ ਤੰਦਰੁਸਤੀ ਬਖਸ਼ੀ ਜਾਵੇ। ਮੈਨੂੰ ਪਤਾ ਹੈ ਪੀਰ ਫਕੀਰ ਸਾਧੂ ਸੰਤ ਰੱਬ ਨੂੰ ਪਹੁੰਚੇ ਹੁੰਦੇ ਹਨ।"

ਇਹ ਸੁਣਕੇ ਸਾਰੇ ਸਾਧੂ ਸੰਤਾਂ ਪੀਰਾਂ ਫਕੀਰਾਂ ਨੇ ਉਂਦੀਆਂ ਪਾ ਲਈਆਂ। ਪਰ ਬਾਬਾ ਨਾਨਕ ਬੋਲ ਉਠਿਆ "ਨਵਾਬ ਜੀ ਇਹ ਜੋਰਾ ਜਬਰਦਸਤੀ ਦਾ ਖੇਲ ਨਹੀ ਹੁੰਦਾ। ਇਥੇ ਤਾਂ ਅਧੀਨਗੀ ਕੰਮ ਆਉਦੀ ਹੈ।"

**ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥**

ਬਾਬੇ ਨੇ ਕਿਹਾ ਕਿ ਚੰਗਾ ਹੁੰਦਾ ਤੂੰ ਇਨਾਂ ਫਕੀਰਾਂ ਮੰਗਤਿਆਂ ਦਾ ਜੂਠਾ ਟੁੱਕੜ ਮੁੰਡੇ ਨੂੰ ਖਵਾਉਦਾ। ਆਪਣੀ ਅਧੀਨਗੀ ਜ਼ਾਹਿਰ ਕਰਦਾ।

ਨਵਾਬ ਕਹਿਣ ਲੱਗਾ ਮਹਾਂ ਪੁਰਖੋ ਹੁਣ ਹੀ ਮੇਰੇ ਤੇ ਤਰਸ ਕਰਕੇ ਆਪਣੀ ਜੂਠ ਮੇਰੇ ਮੁੰਡੇ ਨੂੰ ਬਖਸ਼ੋ।

ਗੁਰੂ ਸਾਹਿਬ ਨੇ ਕਿਹਾ ਕਿ ਇਲਾਜ ਜਿਉਂਦੇ ਬੰਦੇ ਦਾ ਹੁੰਦਾ ਹੈ। ਤੇਰਾ ਮੁੰਡਾ ਤਾਂ ਸਵੇਰ ਦਾ ਹੀ ਗੁਜਰ ਚੁੱਕਾ ਹੈ। ਹੁਣ ਕਾਹਦਾ ਇਲਾਜ ਭਾਲਦਾ ਹੈ।

ਨਵਾਬ ਨੇ ਝੱਟ ਹੁਕਮ ਕਰਕੇ ਬੰਦਾ ਕਿਲੇ ਵਲ ਦੌੜਾਇਆ। ਪਤਾ ਲੱਗਾ ਕਿ ਮੁੰਡਾ ਤਾਂ ਆਕੜਿਆ ਪਿਆ ਸੀ। ਸਵੇਰ ਤੋਂ ਮਗਰੋਂ ਉਸ ਦੀ ਕਿਸੇ ਖਬਰ ਹੀ ਨਾਂ ਲਈ।

ਨਵਾਬ ਨੇ ਸਾਰੇ ਸਾਧੂ ਫਕੀਰਾਂ ਨੂੰ ਛੱਡ ਦਿੱਤਾ।

ਜਿੰਨੇ ਸਾਧੂ ਪੀਰ ਫਕੀਰ ਫੜੇ ਹੋਏ ਸਨ ਸਭ ਗੁਰੂ ਸਾਹਿਬ ਦੇ ਸਿੱਖ ਬਣੇ।

----◆-----

## ਰਾਇ ਬੁਲਾਰ ਨੂੰ ਮਿਲਣ ਬਾਬਾ ਤਲਵੰਡੀ ਆਇਆ

ਜਿਵੇ ਪਿੱਛੇ ਆ ਚੁੱਕਾ ਹੈ ਕਿ ਭਾਈ ਮਰਦਾਨਾ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਤਲਵੰਡੀ ਮਿਲਣ ਗਿਆ। ਮਾਤਾ ਤ੍ਰਿਪਤਾ ਨੇ ਜਿਵੇ ਸੁਣਿਆ ਕਿ ਮਰਦਾਨਾ ਆਇਆ ਹੈ ਉਹ ਖੁੱਦ ਹੀ ਮਰਾਸੀਆਂ ਦੇ ਘਰ ਜਾ ਪਹੁੰਚੀ, ਹਾਲਾਂ ਕਾਲੂ ਨੇ ਕਿਹਾ ਸੀ ਕਿ ਹੌਸਲਾ ਰੱਖ, ਮਰਦਾਨਾ ਆਵੇਗਾ ਮਿਲਣ। ਪਰ ਮਾਂ ਨੂੰ ਹੌਸਲਾ ਕਿਥੇ।

ਜਿਵੇ ਮਰਾਸੀਆਂ ਦੇ ਘਰ ਵਲ ਮਾਤਾ ਮੁੜੀ ਮਰਦਾਨਾ ਅਗਲਵਾਂਡੀ ਮਿਲਣ ਆਇਆ। ਚਰਨਾਂ ਤੇ ਸਤਿ ਕਰਤਾਰ ਕੀਤੀ। ਮਾਤਾ ਨੇ ਲਾਡ ਪਿਆਰ ਦਿੱਤਾ। "ਵੇ ਛੇਤੀ ਦੱਸ ਕਿਥੇ ਈ ਮੇਰਾ ਨਾਨਕ?" ਮਾਤਾ ਬੋਲੀ। ਮਰਦਾਨੇ ਆਖਿਆ "ਅੰਮਾ ਬਾਬਾ ਨਾਨਕ ਨੇ ਅੱਜ ਕਲ ਸੈਦਪੁਰ ਡੇਰਾ ਕੀਤਾ ਹੋਇਆ ਹੈ।" ਮਾਤਾ ਬੋਲ, "ਉਹ ਸ਼ੁਦਾਈ ਕਿਓ ਨਹੀ ਆਇਆ?" ਮਰਦਾਨੇ ਨੇ ਕਿਹਾ ਅੰਮਾ ਬਾਬੇ ਨੂੰ ਸ਼ੁਦਾਈ ਨਾਂ ਆਖ। ਉਹਦੇ ਅੱਗੇ ਤਾਂ ਵੱਡੇ ਵੱਡੇ ਅਕਲ ਵਾਲੇ ਪਾਣੀ ਭਰਦੇ ਨੇ। ਤੂੰ ਤਾਂ ਭਾਗਾਂ ਵਾਲੀ ਨਿਕਲੀ ਤੇਰੇ ਘਰ ਪੈਗੰਬਰ ਨੇ ਜਨਮ ਲਿਆ ਹੈ। ਉਹ ਤਾਂ ਅਵਤਾਰ ਹੈ ਇਸ ਦੁਨੀਆਂ ਨੂੰ ਤਾਰਨ ਆਇਆ ਹੈ। ਮਾਤਾ ਕਹਿੰਦੀ ਵੇ ਉਹ ਕੁਝ ਖਾਂਦਾ ਪੀਂਦਾ ਵੀ ਹੈ ਕਿ ਨਹੀ? ਮੇਰਾ ਪੁੱਤ ਲਿੱਸਾ ਹੋ ਗਇਆ ਹੋਣੈ? ਮਹੀਨਾ ਹੋ ਗਇਆ ਨੇ ਘਰੋ ਨਿਕਲੇ ਨੂੰ। ਮਰਦਾਨਾ ਕਹਿਣ ਲੱਗਾ ਅੰਮਾ ਉਹ ਤਾਂ ਸਾਰੀ ਸ੍ਰਿਸ਼ਟੀ ਨੂੰ ਰਿਜਕ ਦਿੰਦਾ ਹੈ ਉਹਨੂੰ ਖਾਣ ਦਾ ਕੀ ਘਾਟਾ। ਮਰਜੀ ਦਾ ਮਾਲਕ ਹੈ, ਜੀਅ ਆਏ ਤਾਂ ਕੁਝ ਖਾ ਲਏ ਨਹੀ ਤਾਂ 2-2, 3-3 ਦਿਨ ਤੱਕ ਉਨੂੰ ਭੁੱਖ ਹੀ ਨਹੀ ਲਗਦੀ। ਮਾਤਾ ਕਹਿੰਦੀ ਮਰਦਾਨਿਆ ਜਾ ਉਨੂੰ ਲੈ ਕੇ ਆ ਜਾਂ ਫਿਰ ਮੈਨੂੰ ਲੈ ਚਲ ਨਾਲ, ਮੈ ਆਪਣੇ ਲਾਲ ਨੂੰ ਮਿਲ ਆਵਾਂ।

ਖਬਰ ਰਾਇ ਬੁਲਾਰ ਤੱਕ ਵੀ ਪਹੁੰਚ ਗਈ। ਬੁਲਾਰ ਨੇ ਮਰਦਾਨੇ

ਨੂੰ ਸੁਨੇਹਾ ਭੇਜ ਆਪਣੇ ਕੋਲ ਬੁਲਾ ਲਿਆ। ਮਰਦਾਨੇ ਨੇ ਸਾਰੀਆਂ ਗੱਲਾਂ ਦੱਸੀਆਂ ਕਿ ਰਾਇ ਸਾਹਿਬ ਤੁਹਾਡੇ ਪਿੰਡ ਵਿੱਚ ਇਲਾਹੀ ਨੂਰ ਪੈਦਾ ਹੋਇਆ ਹੈ। ਲਗਦਾ ਹੈ ਸਾਰੀ ਦੁਨੀਆਂ ਨੂੰ ਰੁਸ਼ਨਾਅ ਦੇਵੇਗਾ। ਰਾਇ ਨੇ ਕਿਹਾ ਕਿ ਮਰਦਾਨਿਆ ਕਿਸੇ ਤਰਾਂ ਨਾਨਕ ਨੂੰ ਪਿੰਡ ਲੈ ਕੇ ਆ। ਮਰਦਾਨੇ ਨੇ ਦੱਸਿਆ ਕਿ ਬਾਬੇ ਦੇ ਮਾਪੇ ਵੀ ਬਹੁਤ ਚਾਹੁੰਦੇ ਨੇ ਪਰ ਬਾਬੇ ਦਾ ਟੱਬਰ ਨਾਲ ਕੋਈ ਮੋਹ ਨਹੀ ਹੈ। ਉਹ ਤਾਂ ਪਿਆਰ ਸ਼ਰਧਾ ਕਰਕੇ ਜਦੋਂ ਕੋਈ ਯਾਦ ਕਰਦਾ ਹੈ ਤਾਂ ਪਹੁੰਚ ਜਾਂਦਾ ਹੈ। ਰਾਇ ਨੇ ਕਿਹਾ ਮਰਦਾਨਿਆ ਤੁਸੀ ਕੋਸ਼ਿਸ਼ ਕਰੋ ਉਨ੍ਹੰ ਲਿਆਉਣ ਦੀ। ਮੈਂ ਤੇਰੇ ਨਾਲ ਬੰਦਾ ਵੀ ਦਿੰਦਾ ਹਾਂ। ਘੋੜੀ ਵੀ ਲੈ ਜਾਓ ਉਨੂੰ ਲੈ ਕੇ ਆਓ। ਜੇ ਨਾਂ ਮੰਨੇ ਤਾਂ ਮੇਰੇ ਵਲੋ ਅਧੀਨਗੀ ਵਾਲੀ ਗੁਜਾਰਿਸ਼ ਕਰਨੀ ਅਰਦਾਸ ਕਰਨੀ ਕਿ ਤੁਹਾਡਾ ਬਿਰਧ ਤੁਹਾਨੂੰ ਯਾਦ ਕਰਦਾ ਹੈ। ਮਰਦਾਨੇ ਨੇ ਕਿਹਾ ਕਿ ਰਾਇ ਸਾਹਿਬ ਘੋੜੀ ਘੱਲਣ ਦਾ ਫਾਇਦਾ ਨਹੀ। ਉਹ ਫਿਰਦਾ ਤੁਰਦਾ ਆ ਹੀ ਜਾਏਗਾ। ਰਾਇ ਨੇ ਜੱਟਾਂ ਦੇ ਮੁੰਡੇ ਬਾਲੇ ਨੂੰ ਮਰਦਾਨੇ ਦੇ ਨਾਲ ਭੇਜਣ ਦਾ ਫੈਸਲਾ ਕੀਤਾ।

2-4 ਦਿਨ ਮਰਦਾਨਾ ਤਲਵੰਡੀ ਰਿਹਾ ਤੇ ਫਿਰ ਬਾਲੇ ਨੂੰ ਨਾਲ ਲੈ ਕੇ ਦੋਵੇ ਸੈਦ ਪੁਰ ਪਹੁੰਚ ਗਏ। ਸ਼ਹਿਰੋ ਬਾਹਰਵਾਰ ਬਾਬੇ ਨੇ ਡੇਰਾ ਕੀਤਾ ਹੋਇਆ ਸੀ। ਸਿੱਧਾ ਓਥੇ ਹੀ ਪਹੁੰਚ ਗਏ। ਤਲਵੰਡੀ ਦੀ ਸਾਰੀ ਇਤਲਾਹ ਬਾਬੇ ਨੂੰ ਦਿੱਤੀ। ਕਿ ਅੰਮਾ ਤੇ ਰਾਇ ਤੁਹਾਨੂੰ ਮਿਲਣ ਲਈ ਬਹੁਤ ਬਿਹਬਲ ਹਨ।

ਅਗਲੇ ਦਿਨ ਭਾਈ ਲਾਲੋ ਕੋਲੋ ਇਜਾਜਤ ਲੈ ਕੇ ਬਾਬਾ ਤੇ ਸਾਥੀ ਤਲਵੰਡੀ ਨੂੰ ਨਿਕਲ ਤੁਰੇ। ਘੁੰਮਦੇ ਘੁੰਮਾਂਦੇ ਦਸਵੇ ਦਿਨ ਤਲਵੰਡੀ ਪਹੁੰਚੇ। ਪਿੰਡੋਂ ਬਾਹਰਵਾਰ ਇੱਕ ਖੂਹ ਆਇਆ। ਬਾਬੇ ਨੇ ਇਸ਼ਨਾਨ ਕੀਤਾ ਤੇ ਮਰਦਾਨਾ ਵਾਹੋ ਦਾਹੀ ਪਿੰਡ ਜਾ ਪਹੁੰਚਿਆ। ਮਰਦਾਨੇ ਤੋਂ ਖਬਰ ਪਾ, ਅੰਮਾਂ ਦੌੜੀ ਆਈ ਪੁੱਤ ਦੀ ਖਬਰ ਲੈਣ ਨੂੰ। ਸਰੀਰੋਂ ਪਤਲਾ ਦੁਬਲਾ ਉਹ ਜਵਾਨ, ਸਿਰ ਤੇ ਦੋ ਗਜ ਦਾ ਪਰਨਾ ਬੱਧਾ ਹੋਇਆ ਹੈ, ਇੱਕ ਚਾਦਰ ਤੇੜ ਬੱਧੀ ਹੋਈ ਹੈ ਤੇ ਇੱਕ ਖੱਦਰ ਦੀ ਚਾਦਰ ਪਿੰਡੇ ਦੁਆਲੇ ਹੈ। ਅੱਗਲਵਾਂਢੀ ਮਾਤਾ ਦੇ ਚਰਨਾਂ ਤੇ ਨਮਸਕਾਰ ਕਰਦਾ ਹੈ। ਮਾਂ ਘੁੱਟ ਕੇ ਜੱਫੀ 'ਚ ਲੈਂਦੀ ਹੈ। ਅੱਥਰੂ ਕੇਰਦੀ ਹੈ। ਫਿਰ ਗਿਲਾ ਕਰਦੀ ਹੈ ਕਿ ਪੁੱਤਾ ਤੂੰ ਮੋਦੀਖਾਨਾ ਕਿਓ ਛੱਡ ਦਿਤਾ? ਗੁਰੂ ਸਾਹਿਬ ਨੂੰ ਅੰਦਾਜ਼ਾ ਹੋ ਜਾਂਦਾ ਹੈ ਕਿ ਪਿਤਾ ਗੁੱਸੇ ਵਿਚ ਹੈ। ਮਾਤਾ ਦੇ ਜੋਰ ਪਾਉਣ ਦੇ ਬਾਵਜੂਦ ਗੁਰੂ ਸਾਹਿਬ ਘਰ ਨਹੀ ਜਾਂਦੇ।

ਬੱਚਿਆਂ ਦੀ ਢਾਣੀ ਪਹਿਲਾਂ ਹੀ ਖੂਹ ਤੇ ਬਾਬੇ ਨਾਨਕ ਨੂੰ ਵੇਖਣ ਨੂੰ ਪਹੁੰਚ ਚੁੱਕੀ ਹੋਈ ਸੀ।

ਫਿਰ ਸਾਰਿਆਂ ਗੁਰੂ ਸਾਹਿਬ ਨੂੰ ਇਹੋ ਜੋਰ ਦਿੱਤਾ ਕਿ ਬਾਬਾ ਤੂੰ ਰਾਇ ਬੁਲਾਰ ਨੂੰ ਚਲ ਕੇ ਮਿਲ। ਉਹ ਤੈਨੂੰ ਬਹੁਤ ਯਾਦ ਕਰਦਾ ਵਾ।

ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈ, ਜਾ ਰਾਇ ਬੁਲਾਰ ਦੀ ਹਵੇਲੀ ਪਹੁੰਚੇ। ਅਤੇ ਰਾਇ ਸਾਹਿਬ ਨੂੰ ਜਾ ਮੱਥਾ ਟੇਕਿਆ। ਰਾਇ ਨੇ ਘੁੱਟ ਕੇ ਜੱਫੀ ਵਿਚ ਲਿਆ ਤੇ ਮੋਦੀਖਾਨੇ ਵਾਲੇ ਸਾਰੇ ਹਾਲਾਤ ਪੁੱਛੇ। ਖੂਬ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਏਨੇ ਨੂੰ ਪਿਤਾ ਕਾਲੂ ਵੀ ਰਾਇ ਸਾਹਿਬ ਦੀ ਹਵੇਲੀ ਪਹੁੰਚ ਗਏ। ਗੁਰੂ ਸਾਹਿਬ ਨੇ ਪਿਤਾ ਨੂੰ ਮੱਥਾ ਟੇਕਿਆ।

ਰਾਤ ਗੁਰੂ ਸਾਹਿਬ ਆਪਣੇ ਘਰ ਰਹੇ। ਮਾਤਾ ਸੁਲੱਖਣੀ ਅਤੇ ਬੱਚੇ ਅਜੇ ਪੱਖੋਕੇ ਹੀ ਸਨ।

ਅਗਲੇ ਦਿਨ ਮਾਤਾ ਨੇ ਫਿਰ ਮੋਹ ਦਾ ਜੰਜਾਲ ਪਾਉਣਾ ਚਾਹਿਆ। ਬਹੁਤ ਪਿਆਰ ਦੇ ਬੋਲ ਬੋਲੇ। ਬੱਚਿਆਂ ਦਾ ਵਾਸਤਾ ਪਾਇਆ। ਪਰ ਗੁਰੂ ਸਾਹਿਬ ਦੀ ਦ੍ਰਿੜਤਾ ਉਨਾਂ ਦਾ ਮੰਨ ਡੁਲਾ ਨਾਂ ਸਕੀ। ਸਗੋਂ ਗੁਰੂ ਸਾਹਿਬ ਨੇ ਰਾਗੁ ਮਾਝ ਵਿਚ ਸ਼ਬਦ ਬੋਲ ਦਿੱਤਾ:-

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥ ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥ ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧

ਉਸ ਦਿਨ ਪਿੰਡ ਦੇ ਹੋਰ ਵੀ ਮਾਈ ਭਾਈ ਗੁਰੂ ਸਾਹਿਬ ਨੂੰ ਮਿਲੇ।

ਫਿਰ ਅਗਲੇ ਸਵੇਰੇ ਸਵੱਖਤੇ ਜਦੋਂ ਜੰਗਲ ਪਾਣੀ ਨੂੰ ਜਾਈਦੈ ਮਰਦਾਨੇ ਨੂੰ ਲੈ ਫਿਰ ਚਲਦੇ ਬਣੇ। ਕਿਉਕਿ ਦੱਸ ਕੇ ਚੱਲਣ ਤੇ ਮਾਤਾ ਬਹੁਤ ਵੈਰਾਗ ਕਰਿਆ ਕਰਦੀ ਸੀ।

----◈-----

## ਸਿੱਧਾਂ ਦੀ ਬਸਤੀ (ਭਾਈ ਫੇਰੂ) ਵਿਖੇ ਜਦੋਂ ਮਰਦਾਨੇ ਦੀ ਆਰਤੀ ਉਤਾਰੀ ਗਈ ⊙

ਤਲਵੰਡੀ ਤੋਂ ਦੱਖਣ ਕੋਈ 35 ਕਿ. ਮੀ. ਦਾ ਪੈਡਾ ਕਰਕੇ ਰਾਵੀ ਲੰਘ, ਗੁਰੂ ਸਾਹਿਬ ਲੌਢੇ ਵੇਲੇ ਪ੍ਰਸਿੱਧ ਜੋਗੀ ਆਸ਼ਰਮ ਜੋ ਸਿੱਧ ਬਸਤੀ ਦੇ ਨਾਂ ਨਾਲ ਮਸ਼ਹੂਰ ਸੀ ਓਥੇ ਆ ਪਹੁੰਚੇ। ਮਰਦਾਨਾ ਥੱਕ ਟੁੱਟ ਕੇ ਚੂਰ ਹੋ ਗਿਆ। ਕਹਿਣ ਲੱਗਾ ਬਾਬਾ ਜੀ ਹੁਣ ਤਾਂ ਕੁਝ ਖਾਇਆ ਪੀਤਾ ਜਾਏ। ਗੁਰੂ ਸਾਹਿਬ ਨੇ ਮਰਦਾਨਿਆ ਉਹ ਸਾਹਮਣੇ ਉੱਪਲ ਖੱਤਰੀਆਂ ਦਾ ਪਿੰਡ ਹੈ ਓਥੇ ਜਾ ਵੜ੍ਹ।

ਮਰਦਾਨੇ ਨੇ ਓਸੇ ਤਰਾਂ ਹੀ ਕੀਤਾ। ਜਿਵੇਂ ਗੁਰੂ ਸਾਹਿਬ ਬਾਰੇ ਦੱਸਿਆ ਕਿ ਕਿਵੇ ਇਕ ਖੱਤਰੀ ਪੁੱਤਰ ਸਰਕਾਰੀ ਅਹੁਦੇ ਨੂੰ ਲੱਤ ਮਾਰ ਲੋਕ ਭਲਾਈ ਲਈ ਘਰੋਂ ਬਾਹਰ ਨਿਕਲਿਆ ਹੈ। ਉੱਪਲਾਂ ਵਿਚ ਗੁਰੂ ਸਾਹਿਬ ਬਾਰੇ ਜਾਨਣ ਦੀ ਵੱਡੀ ਜਗਿਆਸਾ ਉਤਪੰਨ ਹੋਈ। ਸਾਰਾ ਪਿੰਡ ਪੁੱਛ ਗਿੱਛ ਲਈ ਮਰਦਾਨੇ ਦੁਆਲੇ ਹੋ ਗਿਆ। ਮਰਦਾਨੇ ਕਿਹਾ ਕਿ ਪਹਿਲਾਂ ਸਾਨੂੰ ਕੁਝ ਖੁਆ ਪਿਆ ਤਾਂ ਲਓ। ਖੱਤਰੀਆ ਬਹੁਤ ਆਓ ਭਗਤ ਕੀਤੀ। ਇਹ ਵੀ ਸ਼ੱਕ ਹੈ ਕਿ ਹੋ ਸਕਦਾ ਉੱਪਲਾਂ ਦਾ ਇਹ ਪਿੰਡ ਪਹਿਲਾਂ ਹੀ ਗੁਰੂ ਸਾਹਿਬ ਦੀ ਜਾਣ ਪਛਾਣ ਦਾ ਹੋਵੇ ਭਾਵ ਦੂਰੋਂ ਨੇੜਿਓ ਕੋਈ ਰਿਸ਼ਤੇਦਾਰੀ ਹੋਵੇ।

ਸ਼ਾਮੀ ਫਿਰ ਗੁਰੂ ਸਾਹਿਬ ਨੇ ਦੀਵਾਨ ਲਗਾਇਆ ਜਿਸ ਵਿਚ ਪਿੰਡ ਦਾ ਹਰ ਮਾਈ ਭਾਈ ਪਹੁੰਚਿਆ।

ਪਿੰਡ ਦੇ ਪਤਵੰਤੇ ਸੱਜਣ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ਹਰ ਕਿਸੇ ਦਾ ਸਵਾਲ ਸੀ ਕਿ ਨਾਨਕ ਤੂੰ ਚੰਗਾ ਭਲਾ ਮੋਦੀਖਾਨਾ

ਕਿਓ ਛੱਡ ਦਿੱਤਾ। ਹਰ ਕੋਈ ਆਪਣੇ ਹਿਸਾਬ ਟੀਕਾ ਟਿੱਪਣੀ ਕਰ ਰਿਹਾ ਸੀ: "ਨਾਨਕ ਤੂੰ ਮੁਸ਼ਕਲ ਰਾਹ ਚੁੱਣ ਲਿਆ ਹੈ" "ਦੁਨੀਆ ਨੂੰ ਕੌਣ ਸੁਧਾਰ ਸਕਦੈ?" ਅਗਲੇ ਦਿਨ ਫਿਰ ਪਿੰਡ ਵਿਚ ਵੱਡੀ ਸਭਾ ਰੱਖ ਲਈ ਗਈ ਜਿਸ ਵਿਚ ਪਹਿਲਾਂ ਰਸ ਭਿੰਨਾ ਕੀਰਤਨ ਹੋਇਆ। ਗੁਰੂ ਨਾਨਕ ਦੀ ਉੱਚੀ ਤੇ ਮਿੱਠੀ ਅਵਾਜ਼ ਤੇ ਮਰਦਾਨੇ ਦੀ ਰਬਾਬ ਨੇ ਰੰਗ ਬੰਨ ਦਿੱਤਾ।

ਆਸਾ ਮਹਲਾ ੧ ਤਿਤੁਕਾ ॥ ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥ ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥ ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥ ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥

ਹਰ ਤੁਕ ਦੇ ਪਿੱਛੇ ਸਤਿ ਕਰਤਾਰ। ਧੰਨ ਨਿਰੰਕਾਰ! ਸਤਿਨਾਮ! ਵਾਹਿਗੁਰੂ! ਦੀ ਧੁੰਨ ਰਬਾਬ ਤੇ ਮਰਦਾਨੇ ਦੀ ਰਸਨਾ ਵਿੱਚੋਂ ਨਿਕਲਦੀ। ਮਗਰ ਓਸੇ ਤਰਾਂ ਸਤਿ ਕਰਤਾਰ ਦਾ ਅਵਾਜਾ ਸੰਗਤ ਵਲੋਂ ਨਿਕਲਦਾ। ਉਪਰੰਤ ਗੁਰੂ ਸਾਹਿਬ ਨੇ ਵਖਿਆਨ ਦਿਤਾ ਤੇ ਗੁਰਮਤ ਦਾ ਸਿਧਾਂਤ ਨਾਮ ਜਪਣਾ, ਵੰਡ ਛੱਕਣਾ ਤੇ ਕਿਰਤ ਕਰਨੀ ਦਾ ਉਪਦੇਸ਼ ਦ੍ਰਿੜਾਇਆ। ਆਸ਼ਰਮ ਦੇ ਸਾਰੇ ਜੋਗੀ ਵੀ ਸ਼ਾਮਲ ਹੋਏ। ਬੜੇ ਸਵਾਲ ਜਵਾਬ ਵੀ ਹੋਏ।

ਓਦੋਂ ਕੁਝ ਧਾਰਮਿਕ ਸੁਭਾਅ ਦੇ ਖੱਤਰੀਆਂ ਨੂੰ ਮਾਣ ਵੀ ਮਹਿਸੂਸ ਹੋਇਆ ਕਿ ਉਨਾਂ ਦੀ ਜਾਤ ਵਿੱਚੋਂ ਏਡਾ ਭਗਤ ਸੂਰਮਾ ਉਠਿਆ ਹੈ। ਕਈਆਂ ਨੂੰ ਚਿੜ ਵੀ ਚੜ੍ਹ ਰਹੀ ਸੀ।

ਅਗਲੇ ਦਿਨ ਫਿਰ ਸਵੇਰੇ ਜਗਿਆਸੂਆਂ ਨਾਲ ਬਚਨ ਬਿਲਾਸ ਹੋਏ।

ਸ਼ਾਮੀ ਜਦੋਂ ਮਰਦਾਨਾ ਪਿੰਡ ਵਿੱਚ ਲੰਗਰ ਲੈਣ ਗਇਆ ਤਾਂ ਖੱਤਰੀਆਂ ਨੇ ਆਪਣੀ ਵਿੱਤ ਮੁਤਾਬਿਕ ਮਰਦਾਨੇ ਦੀ ਸੇਵਾ ਕੀਤੀ ਤੇ ਚੜ੍ਹਤ ਚੜਾਵਾ ਦਿੱਤਾ। ਸਭ ਨੇ ਰਲ ਮਿਲ ਕੇ ਮਰਦਾਨੇ ਦੀ ਪੂਜਾ ਹੀ ਕਰਵਾ ਦਿੱਤੀ। ਮਤਲਬ ਬ੍ਰਾਹਮਣ ਨੇ ਮੰਤਰ ਪੜ੍ਹ ਮਰਦਾਨੇ ਤੇ ਕਰਮ ਕਾਂਡ ਕੀਤੇ। ਮਰਦਾਨੇ ਦੇ ਸਿਰ ਤੋਂ ਚੀਜ਼ਾਂ ਵਸਤੂਆਂ ਵਾਰੀਆਂ ਗਈਆਂ। ਪੈਸਾ ਧੇਲਾ, ਕਪੜਾ ਲਤਾ, ਲੀੜੇ ਲੇਫ ਤਲਾਈਆਂ ਘਿਓ ਦਾਲ ਤੇਲ ਆਦਿ ਸਭ ਮਰਦਾਨੇ ਤੋਂ ਵਾਰਿਆ ਗਿਆ। ਜਦੋਂ ਮਰਦਾਨਾ ਬਾਬਾ ਜੀ ਕੋਲ ਪਹੁੰਚਿਆ ਤਾਂ ਬਾਬਾ ਵੇਖ ਹੈਰਾਨ ਹੋ ਗਇਆ ਮਰਦਾਨਾ ਤਾਂ ਸਿਰ ਤੇ ਕਪੜੇ ਲਤੇ ਦੀ ਪੰਡ ਅਤੇ ਇਕ ਹੱਥ ਵਿਚ ਝੋਲਾ ਚੁੱਕੀ ਆਵੇ।

ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਪੁੱਛ ਲਿਆ, "ਓਏ ਮਰਦਾਨਿਆ ਆ ਕੀ ਪੰਡ ਚੁੱਕੀ ਆਉਨੈ?" ਮਰਦਾਨੇ ਨੇ ਸਾਰੀ ਗੱਲ ਸਾਹਿਬ ਨੂੰ ਸੁਣਾਈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਭਾਈ ਇਹ ਬੋਝ ਚੁੱਕ ਕੇ ਸਫਰ ਨਹੀ ਹੁੰਦੇ। ਇਹ ਤੂੰ ਕੀ ਕੀਤੇ? ਮਰਦਾਨੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਇਆ ਤੇ ਝੱਟ ਵਾਪਸ ਪਿੰਡ ਜਾ ਕਿਸੇ ਲੋੜਵੰਦ ਨੂੰ ਉਹ ਗਠੜੀ ਫੜਾ ਆਇਆ। ਸਵੇਰੇ ਅਗਲੇ ਸਵੇਰੇ ਸਵੱਖਤੇ ਫਿਰ ਗੁਰੂ ਸਾਹਿਬ ਚਲਦੇ ਭਏ।

ਇਉ ਲਗਦਾ ਹੈ ਗੁਰੂ ਸਾਹਿਬ ਭਾਈ ਫੇਰੂ ਤੋਂ ਰੋਸੇ ਭੀਲੇ, ਫਿਰ ਫਿਰੋਜਪੁਰ, ਪੱਤੋ ਹੀਰਾ ਸਿੰਘ (ਬਾਘਾ ਪੁਰਾਣਾ) ਤਖਤੂਪੁਰਾ, ਸੰਗਰੂਰ, ਸੁਨਾਮ, ਕਮਾਲਪੁਰ, ਖਰੌਂਡੀ, ਚੀਕਾ (ਗੂਹਲਾ), ਭਾਗਲ, ਇਹਨਾਂ ਪਿੰਡਾਂ ਵਿਚ ਦੀ ਹੁੰਦੇ ਹੋਏ ਗੁਰੂ ਸਾਹਿਬ ਪਿਹੋਵੇ ਪਹੁੰਚੇ।◉ ਇਹਨਾਂ ਥਾਵਾਂ ਤੇ ਬਾਬੇ ਨੇ ਕੀ ਕੀ ਕੌਤਕ ਕੀਤੇ ਪੰਜਾਬ ਦੀਆਂ ਯਾਤਰਾਂਵਾਂ ਵਿਚ ਵੱਖਰੇ ਤੌਰ ਤੇ ਦਿਤਾ ਗਿਆ ਹੈ। (ਵੇਖੋ ਮੁਕਾਮੀ ਉਦਾਸੀਆਂ ਸਫੇ ਣਣਣਣ) ਪੇਹੋਵਾ, ਕੁਰਖੇਤਰ, ਕਰਨਾਲ, ਪਾਣੀਪਤ ਤੇ ਫਿਰ ਦਿੱਲੀ ਪਹੁੰਚੇ।

----◈-----

## ਸਰਸਵਤੀ ਤੀਰਥ ਪਿਹੋਵੇ ਆ ਦਸਤਕ ਦਿੱਤੀ ਗੁਰੂ ਬਾਬੇ ਨੇ।

ਤਲਵੰਡੀ ਤੋਂ ਭਾਈ ਫੇਰੂ ਅਤੇ ਪੰਜਾਬ ਦੇ ਹੋਰਨਾਂ ਪਿੰਡਾਂ ਸ਼ਹਿਰਾਂ ਦੀ ਲੋਕਾਈ ਦਾ ਉਧਾਰ ਕਰਦੇ ਹੋਏ ਗੁਰੂ ਸਾਹਿਬ ਪਿਹੋਵੇ ਪਹੁੰਚੇ।

ਕੁਲਖੇਤਰ ਤੋਂ 27 ਕਿਲੋਮੀਟਰ ਹਟਵੇ, ਹਿੰਦੂਆਂ ਦੇ ਧਰਮ ਵਿੱਚ ਪਿਹੋਵੇ (ਭੇਵੇ) ਦੀ ਵੀ ਬੜੀ ਉੱਚੀ ਥਾਂ ਹੈ। ਇਹ ਤੀਰਥ ਕਿਸੇ ਵੇਲੇ ਸਰਸਵਤੀ ਦਰਿਆ ਦੇ ਕੰਢੇ ਤੇ ਮੌਜੂਦ ਸੀ। ਵਕਤ ਪਾ ਕੇ ਹੋਈਆਂ ਕੁਦਰਤੀ ਭੂਗੋਲਿਕ ਤਬਦੀਲੀਆਂ (ਭੂਚਾਲ ਆਦਿ) ਕਾਰਨ ਸਰਸਵਤੀ ਨਦੀ ਦੇ ਵਹਿਣ ਤੇ ਜਮੀਨ ਖਿੱਸਕਣ (Land-slides) ਪਿੱਛੇ ਪਹਾੜਾਂ ਵਿੱਚ ਡੱਕਾ ਪੈ ਗਇਆ ਤੇ ਦਰਿਆ ਪੂਰੀ ਤਰਾਂ ਸੁੱਕ ਗਿਆ।

ਪਰ ਸੈਕੜੇ ਹਜ਼ਾਰਾਂ ਸਾਲ ਪੁਰਾਣਾ ਤੀਰਥ ਪਰੰਪਰਾ ਕਾਰਨ ਅੱਜ ਵੀ ਜੀਵਤ ਹੈ ਤੇ ਮਾਨਤਾ ਰੱਖਦਾ ਹੈ। ਪਿਹੋਵਾ ਪੰਜਾਬੀ ਹਿੰਦੂਆਂ

ਪੈੜ ਸਫ਼ਾ

### ਸਿੱਧੋਂ ਕੀ ਬਸਤੀ ਦੀ ਪਛਾਣ

◉ ਬਾਲੀ ਵਾਲੀ ਤੇ ਪੁਰਾਤਨ ਸਾਖੀਆਂ ਨੇ ਇਥੋਂ ਭਾਵ ਤਲਵੰਡੀ ਤੋਂ ਜੰਗਲ ਬੇਲਿਆਂ ਤੇ 'ਸਿੱਧੋਂ ਕੀ ਬਸਤੀ' ਜਾਣ ਦਾ ਲਿਖਿਆ। ਪਰ ਸੋਢੀ ਮਿਹਰਬਾਨ ਨੇ ਇਹ ਨਗਰੀ ਸੁਲਤਾਨਪੁਰ ਲੋਧੀ ਤੋਂ ਨਿਕਲਣ ਉਪਰੰਤ ਲਿਖੀ ਹੈ।

ਸਿੱਧੋਂ ਕੀ ਬਸਤੀ ਦੀ ਅਗਲੀ ਪਛਾਣ ਹੈ ਕਿ ਇਥੇ ਉਪੱਲ ਖੱਤਰੀਆਂ ਦੀ ਚੋਖੀ ਅਬਾਦੀ ਹੈ। ਅੱਗੇ ਫਿਰ ਸਿੱਖ ਇਤਹਾਸ ਤੇ ਉਪੱਲ ਖਤਰੀਆਂ ਦੀਆਂ ਵੱਡੀਆਂ ਸੰਗਤਾਂ ਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਸ਼ਹੂਰ ਉਪਲ ਸਿੱਖ ਕਸਬਾ ਭਾਈ ਫੇਰੂ ਦੇ ਹੋਏ ਹਨ। ਫਿਰ ਹੋਰ ਵੇਖੋ ਭਾਈ ਫੇਰੂ ਕਸਬਾ ਉਂਜ ਵੀ ਤਲਵੰਡੀ ਤੋਂ ਦਿੱਲੀ ਨੂੰ ਚਲਦਿਆਂ ਰਸਤੇ ਵਿਚ ਪੈਂਦਾ ਹੈ।

ਕਸਬਾ ਭਾਈ ਫੇਰੂ ਦੇ ਬਹੁਤ ਮਸ਼ਹੂਰ ਉੱਪਲ ਗੋਤ ਦੇ ਖੱਤਰੀਆਂ ਕੋਲ ਹੀ ਗੁਰੂ ਸਾਹਿਬ ਦੀ ਸੇਲੀ ਟੋਪੀ ਅਤੇ ਗੋਦੜੀ ਹੋਇਆ ਕਰਦੀ ਸੀ। ਭਾਈ ਫੇਰੂ ਉਰਫ ਭਾਈ ਸੰਗਤ 1640-1706 ਈ. ਤੋਂ ਇਲਾਵਾ ਭਾਈ ਬਿੱਨਾ ਵੀ ਮਸ਼ਹੂਰ ਸਿੱਖ ਹੋਏ ਹਨ।

ਇਹਨਾਂ ਦੀ ਅਗਲੀ ਪਛਾਣ ਕਿ ਭਾਈ ਫੇਰੂ ਦੇ ਉੱਪਲ ਸਿੱਖ ਉਦਾਸੀ ਸੰਪਰਦਾ ਦੇ ਹੀ ਹੋਏ ਹਨ। ਜੋਗੀ ਅਤੇ ਸਿੱਧਾਂ ਵਿਚੋਂ ਬਣਨ ਵਾਲੇ ਬਹੁਤੇ ਸਿੱਖ ਉਦਾਸੀ ਸੰਪਰਦਾ ਵਿਚ ਹੀ ਜਾਂਦੇ ਸਨ।

ਹਾਂ ਕਿਸੇ ਪ੍ਰਵਾਰ ਵਿਚ ਜੇ ਕੋਈ ਭਗਤ ਸੂਰਮਾ ਹੋਇਆ ਹੈ ਤਾਂ ਜਰੂਰੀ ਨਹੀ ਕਿ ਆਉਣ ਵਾਲੀਆਂ ਪੀੜੀਆਂ ਵੀ ਨੇਕ ਹੀ ਨਿਕਲਣਗੀਆਂ। ਧਿਆਨ ਰਹੇ ਪ੍ਰਿਥੀ ਚੰਦ ਅਤੇ ਧੀਰ ਮੱਲ ਗੁਰੂਆਂ ਦੀ ਹੀ ਔਲਾਦ ਵਿਚੋਂ ਹੀ ਹੋਏ ਨੇ। ਮੁਕਦੀ ਗਲ ਇਹਨਾਂ ਉਪਲਾਂ ਵਿਚੋਂ ਹੀ ਹੋਇਆ ਹੈ ਨਨਕਾਣਾ ਸਾਹਿਬ ਦਾ ਕਾਤਲ ਨਰੈਣੂ ਮਹੰਤ।

ਦਾ ਹਰਦਵਾਰ ਜਾਂ ਬਨਾਰਸ ਜਾਂ ਗਇਆ ਹੈ। ਜਿਵੇ ਹਰਦੁਆਰ ਮਰਗ ਦੇ ਫੁੱਲ ਤਾਰੇ ਜਾਂਦੇ ਸਨ ਤੇ ਮਰਗ ਦੀਆਂ ਹੋਰ ਬ੍ਰਾਹਮਣੀ ਰਸਮਾਂ ਕੀਤੀਆਂ ਜਾਂਦੀਆਂ ਸਨ ਐਨ ਇਹੋ ਕੁਝ ਪਿਹੋਵੇ ਵਿਖੇ ਹੁੰਦਾ ਹੈ। ਖਾਸ ਕਰਕੇ ਇਥੇ 'ਪਿੰਡ ਦਾਨ' ਕੀਤੇ ਜਾਂਦੇ ਸਨ। ਕਿਉਕਿ ਮੌਤ ਵੇਲੇ ਪ੍ਰਵਾਰ ਵਿੱਚ ਬਹੁਤ ਸਹਿਮ ਹੁੰਦਾ ਹੈ ਜਿਸ ਕਾਰਨ ਫਿਰ ਡਰਿਆ ਬੰਦਾ ਜਿਸ ਤਰਾਂ ਕਹੋ, ਸੋਈ ਕਰਨ ਨੂੰ ਤਿਆਰ ਹੋ ਜਾਂਦਾ ਹੈ। ਇਹੋ ਕਾਰਨ ਹੈ ਮੌਤ ਨਾਲ ਸਬੰਧਤ ਅਨੇਕਾਂ ਬ੍ਰਾਹਮਣੀ ਰਸਮਾਂ ਨੇ। ਓਨਾਂ ਵਿੱਚੋਂ ਹੀ ਹੈ 'ਪਿੰਡ-ਦਾਨ' ਹੈ ਜਿਸ ਤਹਿਤ ਚੌਲਾਂ ਜਾਂ ਆਟੇ ਦੀਆਂ ਗਰੋਲੀਆਂ ਬਣਾਂ ਕੇ ਪੱਤਲ ਤੇ ਬ੍ਰਾਹਮਣ ਰੱਖ ਲੈਂਦਾ ਹੈ ਤੇ ਮਰੇ ਹੋਏ ਪ੍ਰਾਣੀ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਆਪਣਾ ਆਖਰੀ ਭੋਜਨ ਵੀ ਖਾ ਲੈ ਤੇ ਆਪਣੀ ਅਗਲੀ ਮੰਜਲ ਵਲ ਰਵਾਨਾ ਹੋ ਜਾਂ ਮੁੜਕੇ ਇਸ ਘਰ ਵਲ ਤੱਕੀ ਨਾਂ।

ਸੋ ਬਾਬਾ ਵੀ ਜਿਵੇ ਭੇਵੇ ਵੜਿਆ, ਬ੍ਰਾਹਮਣਾਂ ਝੁਰਮਟ ਪਾ ਲਿਆ। ਹਰ ਕੋਈ ਕਹੇ "ਤੁਹਾਡੇ ਇਲਾਕੇ ਦੇ ਅਸੀ ਹੀ ਪੰਡਤ ਹਾਂ ਸਾਡੇ ਨਾਲ ਗੱਲ ਕਰੋ।" "ਸਾਨੂੰ ਪਤਾ ਤੁਸੀ ਆਪਣੇ ਬਜੁਰਗਾਂ ਦੀ ਕ੍ਰਿਆ ਕਰਮ ਕਰਾਉਣ ਆਏ ਹੋ। ਸਾਨੂੰ ਪਤਾ ਤੁਸੀ ਸਾਧੂ ਨਹੀ ਹੋ। ਤੁਸੀ ਤਾਂ ਸਫਰ ਵਿੱਚ ਆਪਣੇ ਬਚਾਅ ਲਈ ਇਹ ਭੇਸ ਬਣਾਇਆ ਹੋਇਆ ਹੈ।" ਆਦਿ ਆਦਿ ਗੱਲਾਂ।

ਇਥੇ ਸਾਹਿਬ ਨੇ ਇਹ ਸ਼ਬਦ ਗਾਇਆ:

ਪ੍ਰਭਾਤੀ ਮਹਲਾ ੧ ॥ ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥ ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ ॥੧॥ ਸਬਦਿ ਰਤੇ ਪੂਰੇ ਬੈਰਾਗੀ ॥ ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ॥੧॥ ਰਹਾਉ ॥ ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥ ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥ ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥ ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥ ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥




ਗੁਰਦੁਆਰਾ ਬਾਉਲੀ ਸਾਹਿਬ ਪਿਹੋਵਾ ਗੁਰੂ ਸਾਹਿਬ ਦੀ ਭੇਵੇ ਆਉਣ ਦੀ ਯਾਦ ਵਿੱਚ ਹੈ। ਇਹ ਕੈਥਲ ਦੇ ਸਿੱਖ ਰਾਜੇ ਨੇ ਬਣਾਇਆ ਸੀ। ਸੰਤ ਜੀਵਨ ਸਿੰਘ ਨੇ 1950 ਵਿੱਚ ਗੁਰਦੁਆਰਾ ਸਾਹਿਬ ਨੂੰ ਹੋਰ ਸ਼ਿੰਗਾਰ ਦਿੱਤਾ।

ਖੈਰ ਗੁਰੂ ਸਾਹਿਬ ਇਥੇ ਕੁਝ ਦਿਨ ਟਿਕ ਗਏ। ਬ੍ਰਾਹਮਣਾਂ ਨੂੰ ਸਮਝਾਇਆ ਕਿ ਇੱਕ ਢਿੱਡ ਕਾਰਨ ਲੋਕਾਂ ਨੂੰ ਇਨਾਂ ਮੂਰਖ ਨਾਂ ਬਣਾਉ। ਤੁਸੀ ਕੌਣ ਹੁੰਦੇ ਹੋ ਕਰਤੇ ਦੇ ਕੰਮ ਵਿੱਚ ਸ਼ਰੀਕੀ ਕਰਨ ਵਾਲੇ? ਹੁਕਮ ਦੇ ਤਹਿਤ ਜੀਅ ਪੈਦਾ ਹੁੰਦਾ ਹੁਕਮ ਤਹਿਤ ਰਵਾਨਾ ਹੋ ਜਾਂਦਾ ਹੈ। ਤੁਸੀ ਰਬ ਦੇ ਵਿੱਚੋਲੇ ਕਿਸ ਤਰਾਂ ਬਣ ਗਏ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਲੋਕਾਂ ਨੂੰ ਸਮਝਾਇਆ ਕਿ ਓਏ ਭੋਲਿਓ ਮਰ ਚੁੱਕੇ ਜੀਅ ਨੂੰ ਤੁਹਾਡਾ ਦਿੱਤਾ ਕੁਝ ਨਹੀ ਪਹੁੰਚਦਾ। ਇਹ ਸਿਰਫ ਬ੍ਰਾਹਮਣਾਂ ਦਾ ਰੁਜਗਾਰ ਹੈ। ਅੱਗੇ ਜੀਅ ਨੂੰ ਸਿਰਫ ਉਹ ਕੁਝ ਹਾਸਲ ਹੁੰਦਾ ਹੈ ਜੋ ਉਸ ਨੇ ਆਪਣੇ ਖੁੱਦ ਦੇ ਜੀਵਨ ਵਿੱਚ ਚੰਗਾ ਮਾੜਾ ਕੀਤਾ ਹੁੰਦਾ ਹੈ। ਸਿਰਫ ਬੰਦੇ ਦੇ ਕੀਤੇ ਮਾੜੇ ਚੰਗੇ ਕਰਮ ਹੀ ਅੱਗੇ ਆਉਦੇ ਹਨ। ਰੱਬ ਕੋਲ ਸ਼ਿਫਾਰਸ਼ ਨਹੀ ਚਲਦੀ।

ਇਥੇ ਫਿਰ ਗੁਰੂ ਸਾਹਿਬ ਨੂੰ ਇਕ ਹੋਰ ਭਰਮਜਾਲ ਦਾ ਪਤਾ ਲੱਗਾ ਜਿਸ ਵਿਚ ਭੋਲੇ ਸ਼ਰਧਾਲੂਆਂ ਨੂੰ ਫਸਾਇਆ ਜਾਂਦਾ ਸੀ। ਕਿਉਕਿ ਬ੍ਰਾਹਮਣਾਂ ਨੂੰ ਪਿੰਡ ਭਰਕੇ ਵੀ ਸਬਰ ਨਾਂ ਆਉਦਾ। ਮਤਲਬ ਲੋਕਾਂ ਨੂੰ ਬੁੱਧੂ ਬਣਾਉਣ ਵਾਸਤੇ ਇੱਕ ਹੋਰ ਪਾਖੰਡ ਵੀ




ਪੈੜ ਸੂਹਾ

**◉ ਮੁਸ਼ਕਲ ਹੈ ਪੰਜਾਬ ਵਿਚ ਗੁਰੂ ਸਾਹਿਬ ਦਾ ਰੂਟ (ਰਾਹ) ਪਛਾਨਣਾ-** ਇਤਹਾਸ ਵਿਚ ਕੋਈ 500 ਸਥਾਨਾਂ ਦੇ ਨਾਵਾਂ ਦਾ ਜਿਕਰ ਹੈ ਜਿੱਥੇ ਗੁਰੂ ਸਾਹਿਬ ਗਏ। ਪੂਰਬੀ ਪੰਜਾਬ ਵਿਚ ਤਕਰੀਬਨ 50 ਅਜਿਹੇ ਸਥਾਨ ਨੇ। ਇਨਾਂ ਵਿਚੋਂ ਬਹੁਤੀ ਥਾਂਈ ਤਾਂ ਗੁਰਦੁਆਰਿਆਂ ਦੇ ਰੂਪ ਵਿਚ ਯਾਦਗਾਰਾਂ ਮੌਜੂਦ ਨੇ। ਅਸਾਂ ਇਨਾਂ ਥਾਂਵਾਂ ਨੂੰ ਨਕਸ਼ੇ ਤੇ ਦਿਤਾ ਤੇ ਫਿਰ ਸੰਭਵ ਰੂਟ ਕੱਢਣ ਦੀ ਕੋਸ਼ਿਸ਼ ਕੀਤੀ ਪਰ ਜਿਥੋਂ ਤਕ ਪੰਜਾਬ ਦਾ ਸਬੰਧ ਹੈ ਇਸ ਇਲਾਕੇ ਵਿਚ ਰੂਟ ਨਿਰਧਾਰਤ ਕਰਨਾਂ ਕਾਫੀ ਮੁਸ਼ਕਲ ਲਗ ਰਿਹਾ ਹੈ (ਅਸੰਭਵ ਨਹੀ)। ਲਗਦਾ ਹੈ ਗੁਰੂ ਸਾਹਿਬ ਨੇ ਪੂਰਾ ਪੰਜਾਬ ਹੀ (ਪਾਕਿਸਤਾਨ ਪੰਜਾਬ ਸਮੇਤ) ਗਾਹਿਆ ਸੀ।

ਇਸ ਕਰਕੇ ਜਦੋਂ ਪੰਜਾਬ ਵਿਚਲੇ ਗੁਰੂ ਸਾਹਿਬ ਦੇ ਰੂਟਾਂ ਦਾ ਸਬੰਧ ਹੈ ਅਸੀ ਸਮਝਦੇ ਹਾਂ ਇਸ ਬਾਬਤ ਮੁਕਾਮੀ ਪੱਧਰ ਤੇ ਜਾ ਕੇ ਖੋਜ ਕਰਨ ਦੀ ਜਰੂਰਤ ਹੈ ਕਿ ਸਾਹਿਬ ਕਿਧਰੋਂ ਆਏ ਤੇ ਕਿਧਰ ਨੂੰ ਗਏ ਸਨ।

ਮਾਤਰ ਜਾਣਕਾਰੀ ਦੇ ਅਸੀ ਨਕਸ਼ਾ ਦੇ ਰਹੇ ਹਾਂ ਜਿੱਥੇ ਜਿਥੇ ਗੁਰੂ ਸਾਹਿਬ ਦਾ ਜਾਣਾ ਲਿਖਿਆ ਮਿਲਦਾ ਹੈ ਉਥੇ ਲਾਲ ਅਤੇ ਨੀਲੇ ਨਿਸ਼ਾਨ ਲਗਾ ਦਿਤੇ ਨੇ ਤਾਂ ਕਿ ਪਾਠਕ ਨੂੰ ਅੰਦਾਜ਼ਾ ਹੋ ਜਾਏ।

ਕਿਹੜੇ ਇਲਾਕੇ ਵਿਚ ਕਿੰਨੇ ਸਥਾਨ ਗੁਰੂ ਸਾਹਿਬ ਨਾਲ ਸਬੰਧ ਰੱਖਦੇ ਹਨ ਉਹ ਇਸ ਪ੍ਰਕਾਰ ਹਨ:-

ਪਾਕਿਸਤਾਨੀ ਪੰਜਾਬ, ਕਸ਼ਮੀਰ, ਫਰੰਟੀਅਰ -90, ਸਿੰਧ -13, ਪੂਰਬੀ ਪੰਜਾਬ- 50, ਜੰਮੂ ਕਸ਼ਮੀਰ -26, ਹਰਿਆਣਾ-12, ਹਿਮਾਚਲ ਪ੍ਰਦੇਸ- 14, ਉਤਰਾਖੰਡ- 7, ਯੂ.ਪੀ-15,

ਕੁਲ ਨਿਸ਼ਾਨ ਲਗਾਏ 403 ਜਮਾ ਅਰਬ ਦੇਸ।

ਸੋ ਭਾਈ ਫੇਰੂ ਤੋਂ ਕਿਹੜੇ ਰਸਤੇ ਗੁਰੂ ਸਾਹਿਬ ਦਿੱਲੀ ਪਹੁੰਚੇ ਕੁਝ ਨਿਸਚੇ ਨਾਲ ਨਹੀ ਕਿਹਾ ਜਾ ਸਕਦਾ।

ਜਿਥੋਂ ਤਕ ਕੁਰਖੇਤਰ ਜਾਣ ਦਾ ਸਬੰਧ ਹੈ, ਅਸੀ ਸਮਝਦੇ ਹਾਂ ਗੁਰੂ ਸਾਹਿਬ ਸੂਰਜ ਗ੍ਰਿਹਣ ਮੌਕੇ ਇਥੇ ਦੋ ਵਾਰੀ ਗਏ ਸਨ: ਪਹਿਲਾਂ 1507 ਵਿਚ ਤੇ ਦੁਬਾਰਾ 1518 ਈ ਨੂੰ।

ਰਚਿਆ ਹੋਇਆ ਸੀ। ਵੱਡਾ ਸਾਰਾ ਇੱਕ ਚੱਕਰ, ਸਮਝ ਲਓ ਰੱਥ ਦੇ ਪਹੀਏ ਬਰਾਬਰ ਦਾ ਤਾਂਬੇ ਦਾ ਬਣਾ ਕੇ ਉਤੇ ਸੋਨੇ ਦਾ ਪਾਣੀ ਫੇਰ ਕੇ ਸਰੋਵਰ ਵਿੱਚ ਸੁਟਿਆ ਹੋਇਆ ਸੀ। ਇਹ ਧੁੰਮਾਇਆ ਹੋਇਆ ਸੀ ਕਿ ਇੱਕ ਸ਼ਰਧਾਵਾਨ ਬੀਬੀ ਏਥੇ ਜਦੋਂ ਨਹਾਉਣ ਆਈ ਤਾਂ ਉਹਦੀ ਕੰਨ ਦੀ ਵਾਲੀ ਇਥੇ ਡਿਗ ਪਈ। ਇਸ ਥਾਂ ਦੀ ਰੂਹਾਨੀ ਤਾਕਤ ਨਾਲ ਉਹ ਵਾਲੀ ਹੁਣ ਰੱਥ ਦੇ ਪਹੀਏ ਬਰਾਬਰ ਵੱਡੀ ਹੋ ਗਈ ਹੈ। ਫਿਰ ਚੁਨੰਦੇ ਲੋਕਾਂ ਕੋਲੋ ਮੋਟੀ ਮਾਇਆ ਲੈ ਕਿ ਉਸ ਪਹੀਏ ਦੇ ਦਰਸ਼ਨ ਕਰਾਇਆ ਕਰਦੇ ਸਨ।

ਗੁਰੂ ਸਾਹਿਬ ਨੇ ਬ੍ਰਾਹਮਣ ਨੂੰ ਅਹਿਸਾਸ ਦੁਆਇਆ ਕਿ ਤੂੰ ਕਿੰਨਾ ਭਾਰ ਹੁਣ ਤੱਕ ਆਪਣੇ ਸਿਰ ਤੇ ਚੁੱਕੀ ਜਾਂ ਰਿਹਾ ਹੈ। ਪੈਸੇ ਖਾਤਰ ਤੂੰ ਹਜਾਰਾਂ ਲੋਕਾਂ ਨੂੰ ਮੂਰਖ ਬਣਾਇਆ ਹੈ। ਤੂੰ ਕੀ ਸਮਝਦਾ ਹੈਂ ਕਿ ਤੇਰੀ ਮੌਤ ਨਹੀ ਆਉਣੀ? ਓਥੇ ਗੁਰੂ ਸਾਹਿਬ ਨੇ ਫਿਰ ਲੋਕਾਂ ਨੂੰ ਸਤਿਨਾਮ ਵਾਹਿਗੁਰੂ ਦੇ ਸ਼ਬਦ ਨਾਲ ਜੋੜਿਆ। ਪੰਡਤਾਂ ਨੂੰ ਕਿਹਾ ਕਿ ਝੂਠ ਬੋਲਣ ਤੋਂ ਬਚੋ। ਨਾਲੇ ਪੰਡਤਾਂ ਨੂੰ ਲੰਗਰ ਆਦਿ ਲਾਉਣ ਵਾਸਤੇ ਪ੍ਰੇਰਤ ਕੀਤਾ। ਇਥੋਂ ਦੇ ਕੁਝ ਬ੍ਰਾਹਮਣ ਪ੍ਰਵਾਰਾਂ ਫਿਰ ਸਿੱਖੀ ਧਾਰਨ ਕੀਤੀ।

**ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥**

----◈-----

## ਚੋਰ ਦਾ ਉਧਾਰ-ਕਰਾਹ

ਪਿਹੋਵੇ ਤੋਂ 11 ਕਿਲੋ ਮੀਟਰ ਪਹਿਲਾਂ ਪਿੰਡ ਕਰਾਹ ਆਇਆ ਸੀ। ਕਿਹਾ ਜਾਂਦਾ ਹੈ ਕਿ ਇਸ ਪਿੰਡ ਵਿੱਚ ਇੱਕ ਬ੍ਰਾਹਮਣ ਸੀ ਜਿਸ ਨੂੰ ਆਪਣੇ ਗਿਆਨ ਦਾ ਬਹੁਤ ਗਰੂਰ ਸੀ। ਗੁਰੂ ਸਾਹਿਬ ਨੇ ਉਹਦਾ ਹੰਕਾਰ ਤੋੜਿਆ। ਸਾਡਾ ਅੰਦਾਜ਼ਾ ਹੈ ਨਾਨੂੰ ਪੰਡਤ ਇਥੋ ਦਾ ਹੀ ਹੋਇਆ ਹੈ ਜਿਸ ਨੇ ਇਲਾਕੇ ਵਿੱਚ ਗੱਲ ਧੁਮਾ ਰੱਖੀ ਸੀ ਕਿ ਭਵਿਖਤ ਪੁਰਾਣ ਵਿਚ ਜੋ ਨਾਨਕ ਕਲਕੀ ਅਵਤਾਰ ਦੱਸਿਆ ਗਿਆ ਹੈ ਉਹ ਮੈਂ ਹੀ ਹਾਂ। ✚ ਗੁਰੂ ਸਾਹਿਬ ਨੇ ਉਸ ਤੇ ਵੀ ਦਿਆ ਕਰਕੇ ਉਹਨੂੰ ਉਹਦਾ ਸੱਚ ਦਿਖਾ ਦਿੱਤਾ। ਇਥੇ ਹੀ ਕਾਲੂ ਨਾਂ ਦੇ ਚੋਰ/ਡਾਕੂ ਨੂੰ ਅਸਾਧ ਰੋਗ ਤੋਂ ਮੁਕਤ ਕਰਕੇ ਸਿੱਖੀ ਬਖਸ਼ੀ ਸੀ। ਗੁਰੂ ਸਾਹਿਬ ਦੇ ਦੱਸੇ ਮਾਰਗ ਅਨੁਸਾਰ ਕਾਲੂ ਨੇ ਲੋਕ ਹਿੱਤ ਲਈ ਇੱਕ ਬਾਉਲੀ ਪੁੱਟਵਾਈ। ਇਥੇ ਇੱਕ ਇਮਲੀ ਦਾ ਰੁੱਖ ਦਸਮ ਗੁਰੂ ਦੇ ਆਮਦ ਦੀ ਯਾਦ ਦੁਆਉਂਦਾ ਹੈ।

----◈-----

## "ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥" ਲਓ ਜੀ ਬਾਬਾ ਪਹੁੰਚ ਗਇਆ ਕੁਲਸ਼ੇਤਰ ◘

ਕੁਰੂਕਸ਼ੇਤ੍ਰ ਜਾਂ ਕੁਲਖੇਤ੍ਰ ਹਿੰਦੂਆਂ ਦਾ ਪ੍ਰਮੁੱਖ ਤੀਰਥ ਅਸਥਾਨ ਹੈ। ਕਿਹਾ ਜਾਂਦਾ ਹੈ ਕਿ ਇਥੇ ਹੀ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿੱਤਾ ਸੀ। ਸੂਰਜ ਗ੍ਰਿਹਣ ਤੇ ਇਥੇ ਬਹੁਤ ਵੱਡਾ ਮੇਲਾ ਲਗਦਾ ਹੈ।

ਕੁਲਖੇਤਰ ਗੁਰੂ ਸਾਹਿਬ ਦੋ ਵਾਰੀ ਆਏ ਸਨ। ਪਹਿਲਾਂ 2 ਜਨਵਰੀ 1508 ਅਤੇ ਦੂਸਰੀ ਵਾਰੀ 2 ਦਸੰਬਰ 1518 ਨੂੰ। ◘

ਪ੍ਰੰਪਰਾ ਕਹਿ ਲਓ ਕਿ ਇਥੇ ਵੱਡਾ ਮੇਲਾ ਸੂਰਜ ਗ੍ਰਿਹਣ ਮੌਕੇ ਹੀ ਲਗਦਾ ਹੈ। ਹਿੰਦੂ ਮਿਥਹਾਸ ਵਿੱਚ ਮਾਨਤਾ ਹੈ ਕਿ ਸੂਰਜ ਗ੍ਰਿਹਣ ਓਦੋਂ ਲਗਦਾ ਹੈ ਜਦੋਂ ਰਾਹੂ ਗ੍ਰਿਹ ਸੂਰਜ ਨੂੰ ਨਿੱਗਲ ਜਾਂਦਾ। ਇਹ ਇਸ ਕਰਕੇ ਹੁੰਦਾ ਹੈ ਕਿ ਰਾਹੂ ਦੇਵਤਿਆਂ ਦਾ ਅੰਮ੍ਰਿਤ ਚੁਰਾ ਕੇ ਪੀ ਜਾਂਦਾ ਹੈ ਤੇ ਦੇਵਤਿਆਂ ਨੂੰ ਜਦੋਂ ਪਤਾ ਲਗਦਾ ਤਾਂ ਉਹ ਗੁੱਸੇ ਵਿੱਚ ਆ ਕੇ ਰਾਹੂ ਦਾ ਸਿਰ ਲਾਹ ਦਿੰਦੇ ਹਨ। ਧੜ ਤੋਂ ਵੱਖ ਹੋਇਆ ਸਿਰ, ਫਿਰ ਇਧਰ ਉਧਰ ਭਟਕਦਾ ਹੈ ਤੇ ਸੂਰਜ ਨੂੰ ਹੀ ਨਿਗਲ ਜਾਂਦਾ ਹੈ। ਗ੍ਰਿਹਣ ਮੌਕੇ ਜੀਵਨ ਦਾ ਹਰ ਕਾਰਜ ਬੰਦ ਕਰ ਦਿੱਤਾ ਜਾਂਦਾ ਹੈ। ਖਾਣਾ ਪੀਣਾ ਪਕਾਉਣਾ ਆਦਿ। ਫਿਰ ਪੰਡਤ ਆਪਣੇ ਮੰਦਰ ਪੂਰੀ ਤਰਾਂ ਬੰਦ ਕਰ ਦਿੰਦੇ ਹਨ ਤੇ ਬਾਹਰ ਬਹਿ ਕੇ ਉੱਚੀ ਉੱਚੀ ਮੰਤਰ ਪੜ੍ਹਦੇ ਹਨ ਤਾਂ ਕਿ ਸੂਰਜ ਅਜਾਦ ਹੋ ਜਾਵੇ। ਜਿਵੇ ਗ੍ਰਿਹਣ ਹਟਦਾ ਜਾਂ ਟੱਲ ਜਾਂਦਾ ਹੈ ਤਾਂ ਬ੍ਰਾਹਮਣ ਜਿੱਤ ਦਾ ਜੈਕਾਰਾ ਗੁਜਾਉਂਦੇ ਹਨ ਤੇ ਝੱਟ ਮੰਦਰ ਦੇ ਦਰਵਾਜੇ ਖੋਲ ਦਿੱਤਾ ਜਾਂਦੇ ਹਨ। ਟੱਲ, ਘੰਟੀਆਂ ਵੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ। ਤੀਰਥ ਤੇ ਖੁਸ਼ੀ ਦਾ ਮਹੌਲ ਬਣ ਜਾਂਦਾ ਹੈ। ਇਹ ਮਾਨਤਾ ਬਣਾਈ ਹੋਈ ਹੈ ਕਿ ਗ੍ਰਿਹਣ ਮੌਕੇ ਦਾਨ ਦਿੱਤਾ ਬਹੁਤ ਵੱਧਦਾ ਫੁੱਲਦਾ ਹੈ।

ਗ੍ਰਿਹਣ ਲਗਣ ਬਾਬਤ ਹਿੰਦੂ ਜਨਤਾ ਵਿੱਚ ਓਦੋਂ ਹਾਹਾਕਾਰ




ਪੈੜ ਸਫ਼ਾ

✚ ਤਰਲੋਚਨ ਸਿੰਘ ਨੇ ਪੁਸਤਕ ਗੁਰੂ ਨਾਨਕ ਦੇਵ ਜੀ ਵਿਚ ਕੁਝ ਇਸ ਤਰਾਂ ਲਿਖਿਆ ਹੈ: ਗਿਆਨੀ ਗਿਆਨ ਸਿੰਘ ਨੇ ਤਵਾਰੀਖ ਖਾਲਸਾ ਦੇ ਸਫਾ 26 ਤੇ ਆਹ ਕੁਝ ਲਿਖਿਆ ਹੈ: "ਗੁਰੂ ਨਾਨਕ ਜੀ ਦਾ ਸਤਿਗੁਰੂ ਅਵਤਾਰ ਹੋਣਾਂ ਬਿਆਸ ਜੀ ਨੇ ਭਵਿਖਤ ਪੁਰਾਣ ਵਿਚ ਲਿਖਿਆ ਹੈ; ਦੇਖੋ ਅਧਿਆਇ 28, ਸਲੋਕ 33 ਤੋਂ ਅੱਗੇ ਬ੍ਰਹਮਾ ਅਤੇ ਸਵਾਮੀ ਕਾਰਤਕ ਦੇ ਸੰਬਾਦ ਵਿੱਚ। ਇਹ ਕਥਾ ਲਿਖੀ ਹੈ: ਜਦ ਕਲਿਜੁਗ ਦੇ ਸਮੇਂ ਮਲੇਛਾਂ ਦਾ ਰਾਜ ਹੋ ਕੇ ਪ੍ਰਜਾ ਪੀੜਤ ਹੋਵੇਗੀ ਤਦੋਂ ਲੋਕਾਂ ਦੀ ਰੱਖਯਾ ਤੇ ਮਲੇਛਾਂ ਦਾ ਨਾਸ ਕਰਨ ਵਾਸਤੇ ਪੱਛਮ ਦੇਸ ਬੇਦੀ ਬੰਸ ਵਿਚ ਨਾਨਕ ਨਾਮ ਰਾਜ ਰਿਖੀ ਬ੍ਰਹਮ ਗਿਆਨੀ ਸਤਿਗੁਰੂ ਦਸ ਰੂਪ ਧਾਰੇਗਾ। ਉਨਾਂ ਦੀ ਸੰਪਰਦਾਇ ਦੇ ਸਿੰਘ ਕੁਝ ਚਿਰ ਰਾਜ ਕਰਕੇ ਰਾਜ ਖੁਹਾ ਬਹਿਣਗੇ। ਉਪਰੰਤ ਫਿਰ ਉਨਾਂ ਦਾ ਰਾਜ ਹੋਵੇਗਾ ਜੋ 350 ਸਾਲ ਚਲੇਗਾ।"

◉ **ਤਲਵੰਡੀ ਤੋ ਸਿਰਸਾ ਤੇ ਫਿਰ ਕੁਲਸ਼ੇਤਰ**- ਬਹੁਤੇ ਅਜੋਕੇ ਲਿਖਾਰੀਆਂ ਨੇ ਜਨਮ ਸਾਖੀਆਂ ਤੋਂ ਇਸ਼ਾਰਾ ਪਾ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਸਿਰਸੇ ਤੋਂ ਹੀ ਪਿਹੋਵਾ/ਕੁਰਖੇਤਰ ਆਏ। ਇਹ ਗਲ ਸਾਨੂੰ ਜਚੀ ਨਹੀ।

ਗਿਆਨੀ- 140 ਨੇ ਲਿਖਿਆ ਹੈ ਕਿ ਗੁਰੂ ਸਾਹਿਬ 14 ਹਾੜ ਸੰ. 1567 ਬਿ. (ਮੁਤਾਬਿਕ 1510 ਈ.) ਨੂੰ ਸਿਰਸੇ ਜਾ ਰਹੇ, 4 ਮਹੀਨੇ 11 ਦਿਨ ਓਥੇ ਰਹੇ। ਅਖੇ ਇਹ ਬਾਤ ਓਥੋਂ ਦੇ ਭੱਟਾਂ ਦੀ ਵਹੀ ਵਿਚ ਹੈ। ਇਹ ਤਾਰੀਖ ਉਂਜ ਵੀ ਜਗਨ ਨਾਥ ਪੁਰੀ ਦੇ ਦਸਤਾਵੇਜ ਕਰਕੇ ਰੱਦ ਹੋ ਜਾਂਦੀ ਹੈ। ਨਕਸ਼ੇ ਦੇ ਹਿਸਾਬ ਸਿਰਸਾ ਵਾਪਸੀ ਵੇਲੇ ਦੀ ਪੱਟੀ (ਟਰੈਕ) ਤੇ ਪੈਂਦਾ ਨਜਰ ਆਉਂਦਾ ਹੈ।

ਉਂਜ ਵੀ ਨਨਕਾਣਾ ਸਾਹਿਬ ਤੋਂ ਦਿੱਲੀ ਨੂੰ ਜਾਂਦਿਆਂ ਸਿਰਸਾ ਚੋਖਾ ਹੱਟਵਾਂ ਪੈਂ ਜਾਂਦਾ ਹੈ।

ਸੋ ਸਿਰਸਾ ਜਾਣਾ ਅਸੀ ਦੂਜੀ ਉਦਾਸੀ ਵਿਚ ਲਿਆ ਹੈ।



ਗੁਰਦੁਆਰਾ ਸਾਹਿਬ ਪਹਿਲੀ ਪਾਤਸ਼ਾਹੀ ਸਿੱਧ ਵੱਟੀ ਕੁਲਸ਼ੇਤਰ

ਮੱਚ ਜਾਂਦੀ ਸੀ। ਕਿ ਫਲਾਣੇ ਦਿਨ ਗ੍ਰਹਿਨ ਲੱਗਣ ਜਾ ਰਿਹਾ ਹੈ। ਇਹ ਘਟਨਾ ਇੰਨੀ ਮਹੱਤਵਪੂਰਨ ਮੰਨੀ ਜਾਂਦੀ ਸੀ ਕਿ ਬਾਬਰ ਨੇ ਵੀ ਆਪਣੀ ਜੀਵਨੀ ਵਿੱਚ ਗ੍ਰਹਿਨ ਲੱਗਣ ਦਾ ਜਿਕਰ ਕੀਤਾ ਹੈ। ਜਦੋਂ ਗੁਰੂ ਸਾਹਿਬ ਨੂੰ ਪਤਾ ਲਗਾ ਕਿ ਬੜਾ ਵੱਡਾ ਗ੍ਰਹਿਨ ਲੱਗਣ ਜਾ ਰਿਹਾ ਹੈ ਤੇ ਲੋਕੀ ਧੜਾ ਧੜ ਕੁਲਸ਼ੇਤਰ ਪਹੁੰਚ ਰਹੇ ਹਨ ਤਾਂ ਗੁਰੂ ਸਾਹਿਬ ਵੀ ਸੰਗ ਨਾਲ ਹੋ ਤੁਰੇ। ਉਤਸ਼ਾਹ ਤੇ ਡਰ ਅਥਾਹ ਸੀ ਕਿਉਕਿ ਮਸਲਾ ਸੂਰਜ ਦੀ ਅਜਾਦੀ ਦਾ ਸੀ। "ਜੇ ਕਿਤੇ ਸੂਰਜ ਅਜਾਦ ਨਾਂ ਹੋ ਪਾਇਆ ਤਾਂ ਦੁਨੀਆ ਖਤਮ ਹੋ ਜਾਵੇਗੀ। ਸੋ ਹੁੰਮ ਹੁੰਮਾ ਕੇ ਪਹੁੰਚੋ।"

ਫੁਰਮਾਨ ਗੁਰਬਾਣੀ ਹੈ: "ਮੰਨੈ ਪਤਿ ਸਿਉ ਪਰਗਟੁ ਜਾਇ॥" ਜਾਂ "ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥" ਗੁਰੂ ਨਾਨਕ ਨੇ ਵੀ ਆਪਣਾ ਡੇਰਾ ਜਮਾ ਦਿੱਤਾ ਮੁਖ ਤੀਰਥ ਤੋਂ ਥੋੜਾਂ ਵਿਥ ਤੇ। ਕਿਉਕਿ ਉਹ ਕੁਝ ਕਰਦੇ ਹੀ ਅਜਿਹਾ ਸੀ ਕਿ ਝੱਟ ਪ੍ਰਗਟ ਹੋ ਜਾਂਦੇ ਸਨ। ਹੁਣ ਤੱਕ ਉਂਜ ਵੀ ਓਨਾਂ ਦੀ ਚਰਚਾ ਥਾਂ ਥਾਂ ਹੋ ਚੁੱਕੀ ਸੀ ਕਿ ਸੂਬਾ ਪੰਜਾਬ ਦਾ ਇੱਕ ਵਜੀਰ ਸਾਧ ਬਣ ਗਇਆ ਹੈ ਤੇ ਬਹੁਤ ਕੌਤਕ ਕਰਦਾ ਹੈ। ਗੁਰੂ ਸਾਹਿਬ ਦੀ ਚਰਚਾ ਸੁਣਕੇ ਇੱਕ ਬਿਹਾਰੀ ਰਾਜਕੁਮਾਰ ਵੀ ਗੁਰੂ ਸਾਹਿਬ ਕੋਲ ਆ ਗਿਆ। ਤਦ ਗੁਰੂ ਸਾਹਿਬ ਨੇ ਗ੍ਰਿਹਣ ਨੂੰ ਇੱਕ ਕੁਦਰਤੀ ਵਰਤਾਰਾ ਦੱਸਿਆ ਅਤੇ ਕਿਵੇ ਬ੍ਰਾਹਮਣ ਲੋਕਾਂ ਨੂੰ ਇਸ ਬਾਬਤ ਗੁਮਰਾਹ ਕਰ ਰਹੇ ਹਨ। ਸੋ ਥੋੜੀ ਜਿਹੀ ਗੱਲਬਾਤ ਉਪਰੰਤ ਹੀ ਉਹ ਸਾਹਿਬ ਦਾ ਮੁਰੀਦ ਬਣ ਗਿਆ।

ਅਗਲੇ ਦਿਨ ਸੂਰਜ ਗ੍ਰਿਹਣ ਸੀ। ਰਾਜਕੁਮਾਰ ਆਪਣੀ ਮੌਜ ਅਨੁਸਾਰ ਸਵੇਰੇ ਸ਼ਿਕਾਰ ਤੇ ਨਿਕਲਿਆ ਤੇ ਇੱਕ ਹਿਰਨ ਮਾਰ ਲਿਆਇਆ। ਆ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਭੇਟ ਕਰ ਦਿੱਤਾ। + ਗੁਰੂ ਸਾਹਿਬ ਦੇ ਹੁਕਮ ਅਨੁਸਾਰ ਫਿਰ ਇੱਕ ਵੱਡੇ ਮੱਟ ਵਿੱਚ ਮਾਸ ਰਿੰਨਣਾਂ ਰੱਖ ਦਿੱਤਾ। ਜਿਵੇ ਧੂੰਆਂ ਨਿਕਲਿਆ ਓਥੇ ਤਾਂ ਹਾਹਾਕਾਰ ਮੱਚ ਗਈ ਕਿ ਵੇਖੋ ਇੱਕ ਸਾਧ ਨੇ ਸੂਰਜ ਗ੍ਰਿਹਣ ਮੌਕੇ ਅੱਗ ਬਾਲ ਦਿੱਤੀ ਹੈ। "ਜੀ ਅਨੱਰਥ ਹੋ ਗਿਆ। ਅਨੱਰਥ ਹੋ ਗਿਆ। ਪਾਪ ਹੋ ਗਿਆ।"

ਗੁਰੂ ਸਾਹਿਬ ਦੀ ਵਿਰੋਧਤਾ ਕਰਨ ਜਿਹੜਾ ਵੀ ਜਾਏ ਉਨਾਂ ਦੀ ਦਲੀਲ ਅੱਗੇ ਝੁੱਕ ਜਾਏ। ਫਿਰ ਗੱਲ ਮੁੱਖੀ ਪਾਂਡੇ ਤੱਕ ਪਹੁੰਚ ਗਈ । ਉਹ ਆਪਣੇ ਨਾਲ ਬੰਦੇ ਲੈ ਕੇ ਗੁਰੂ ਸਾਹਿਬ ਦੇ ਡੇਰੇ ਪਹੁੰਚ ਗਿਆ। ਨਿਮ੍ਰਤਾ ਦੀ ਮੂਰਤ ਗੁਰੂ ਸਾਹਿਬ ਨੇ ਉਸ ਨੂੰ ਅਜਿਹੇ ਜਵਾਬ ਦਿੱਤੇ ਕਿ ਬ੍ਰਾਹਮਣ ਨਿਰਉਤਰ ਹੋ ਗਿਆ। ਓਥੇ ਸੂਰਜ ਗ੍ਰਿਹਣ ਜਿਹੇ ਕੁਦਰਤੀ ਵਰਤਾਰੇ ਨੂੰ ਓਨੀ ਦਿਨੀ ਸਮਝਾਉਣਾ ਤਾਂ ਮੁਸ਼ਕਲ ਸੀ ਪਰ ਗੁਰੂ ਸਾਹਿਬ ਨੇ ਦੂਸਰੀ ਗੱਲ ਭਾਵ ਗ੍ਰਿਹਣ ਵੇਲੇ ਦੀ ਮਰਯਾਦਾ ਦਾ ਮਖੌਲ ਉਡਾ ਦਿੱਤਾ ਤੇ ਸਾਬਤ ਕਰ ਦਿੱਤਾ ਕਿ ਜੋ ਗ੍ਰਿਹਣ ਮੌਕੇ ਜੋ ਕੁਝ ਵੀ ਪੁਜਾਰੀ ਕਰ ਰਹੇ ਹਨ ਨਿਰਾ ਗਲਤ ਹੀ ਨਹੀ ਇਹ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਖੁਸਕਿਸਮਤੀ ਨਾਲ ਓਥੇ ਸਾਹਿਬ ਨੇ ਜੋ ਗੱਲਬਾਤ ਕੀਤੀ ਉਹ ਗੁਰਬਾਣੀ ਵਿੱਚ ਦਰਜ ਹੈ। ਬ੍ਰਾਹਮਣਾਂ ਨੂੰ ਸਮਝਾਇਆ ਕਿ ਕੋਈ ਮੂਰਖ ਬੰਦਾ ਹੀ ਇਸ ਗੱਲ ਤੇ ਬਹਿਸ ਕਰੇਗਾ ਕਿ ਮਾਸ ਖਾਣਾ ਚਾਹੀਦਾ ਹੈ ਕਿ ਨਹੀ? ਸਾਹਿਬ ਨੇ ਸਮਝਾਇਆ ਕਿ ਵਨਾਸਪਤੀ ਵਿੱਚ ਵੀ ਜੀਵਨ ਹੈ। ਇਹ ਗੱਲ ਅੱਜ ਸਾਇੰਸ ਨੇ ਵੀ ਸਾਬਤ ਕਰ ਦਿੱਤੀ ਹੈ ਕਿ ਰੁੱਖ ਤੇ ਜਾਨਵਰ ਦੇ ਸੈਲ (ਕੋਸ਼ਕਾ) ਵਿੱਚ ਕੋਈ ਬਹੁਤਾ ਫਰਕ ਨਹੀ ਹੁੰਦਾ। ਗੁਰੂ ਸਾਹਿਬ ਨੇ ਪਾਣੀ ਨੂੰ ਜੀਵਨ ਦਾ ਅਧਾਰ ਦੱਸਿਆ ਤੇ ਜੀਵਤ ਚੀਜ਼ਾਂ ਪਾਣੀ ਪੀਦੀਆਂ ਹਨ। ਮਲਾਰ ਰਾਗ ਵਿੱਚ ਪੰਨਾ 1289 ਤੇ ਸੁਭਾਇਮਾਨ ਇਸ ਸ਼ਬਦ ਵਿੱਚ ਪੰਡਤ ਨੂੰ ਇਸ ਤਰਾਂ ਕੁਝ ਨਿਰਉਤਰ ਕੀਤਾ ਤੇ ਕਿਹਾ ਕਿ ਤੁਸੀ ਕਹਿੰਦੇ ਹੋ ਕਿ ਜਿਹੜਾ ਮਾਸ ਖਾਏਗਾ ਉਹ ਨਰਕਾਂ ਨੂੰ ਜਾਏਗਾ। ਪਰ ਨਾਲ ਹੀ ਤੁਸੀ ਓਨਾਂ ਲੋਕਾਂ ਕੋਲੋ ਦਾਨ ਲੈ ਲੈਂਦੇ ਹੋ ਜਿਹੜੇ ਮਾਸ ਖਾਂਦੇ ਹਨ। ਸੋ ਇਹ ਕਿਥੋਂ ਦਾ ਨਿਆਂ ਕਿ ਤੁਹਾਡੇ ਦੇਣ ਵਾਲਾ ਤਾਂ ਨਰਕ ਜਾਏਗਾ ਪਰ ਲੈਣ ਵਾਲਾ ਸਵੱਰਗਾਂ ਵਿੱਚ।

ਸਲੋਕ ਮਃ ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ ॥੧॥ ਮਃ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

ਗੁਰੂ ਸਾਹਿਬ ਦੇ ਹੁਕਮ ਅਨੁਸਾਰ ਮਾਸ ਓਨਾਂ ਗਰੀਬ ਗੁਰਬਿਆਂ ਵਿਚ ਵਰਤਾਇਆ ਗਿਆ ਜਿਹੜੇ ਛਕਦੇ ਸਨ ਅਤੇ ਜਿੰਨਾਂ ਨੂੰ ਬ੍ਰਾਹਮਣੀ ਲੰਗਰ ਵਿਚ ਵੜ੍ਹਨਾਂ ਮਨਾ ਸੀ। ਸਦੀਆਂ ਤੋਂ ਲਿਤਾੜੇ ਹੋਏ ਲੋਕਾਂ ਦੇ ਮੂੰਹ ਵਿਚ ਜਬਾਨ ਪੈ ਗਈ। ਆਪ ਮੁਹਾਰੇ ਮੂੰਹੋ

ਨਿਕਲ ਰਿਹਾ ਸੀ: "ਬਾਬਾ ਨਾਨਕ ਕੀ ਜੈ। "

ਮਾਸ ਵਾਲੀ ਗੱਲ ਤੋਂ ਪਾਂਡੇ ਨੂੰ ਨਿਰਉੱਤਰ ਕਰਨ ਉਪਰੰਤ ਸਾਹਿਬ ਨੇ ਸਮਝਾਇਆ ਕਿ ਗ੍ਰਹਣ ਜਿਹੇ ਵਰਤਾਰੇ ਬਾਰੇ ਬ੍ਰਾਹਮਣ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਸੱਚ ਮੁੱਚ ਗੁਰੂ ਸਾਹਿਬ ਉਸ ਅੰਧਾਰ ਵਿੱਚ ਦੀਵਾ ਸਾਬਤ ਹੋਏ।

**ਸਲੋਕ ਮਃ ੧ ॥ ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥**

ਗੁਰੂ ਸਾਹਿਬ ਨੇ ਕਿਹਾ ਕਿ ਇਹ ਮੂਰਖਤਾਈ ਹੈ ਕਿ ਲੋਕਾਂ ਨੂੰ ਕਿਹਾ ਜਾਏ ਕਿ ਫਲਾਣੀ ਚੀਜ਼ ਖਾਓ ਤੇ ਫਲਾਨੀ ਨਾਂ ਖਾਓ।

ਇਸ ਮੌਕੇ ਕਿਹਾ ਜਾਂਦਾ ਹੈ ਕਿ ਹਜ਼ਾਰਾਂ ਲੋਕਾਂ ਨੇ ਪਾਖੰਡ ਤਿਆਗ ਕੇ ਗੁਰੂ ਸਾਹਿਬ ਕੋਲੋ ਸਿੱਖੀ ਹਾਸਲ ਕੀਤੀ ਤੇ ਨਾਮ ਨਾਲ ਜੁੜੇ। ਓਦੋਂ ਫਿਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਜਦੋਂ ਇੱਕ ਦੂਜੇ ਨੂੰ ਮਿਲਦੇ ਹੋ ਤਾਂ ਜਦੋ ਤੁਹਾਨੂੰ ਕੋਈ ਨਮਸਤੇ ਕਹੇ ਤਾਂ ਤੁਸੀ 'ਸਤਿ ਕਰਤਾਰ' ਕਹਿ ਕੇ ਜਵਾਬ ਦੇਣਾ ਹੈ। ਸਾਹਿਬ ਨੇ ਜੱਪਣ ਲਈ ਗੁਰਸਿੱਖਾਂ ਨੂੰ ਸ਼ਬਦ ਦਿੱਤਾ। ਹੁਕਮ ਕੀਤਾ ਕਿ ਹਰ ਵੇਲੇ ਸਤਿਨਾਮ ਸਤਿ ਕਰਤਾਰ ਵਾਹਿਗੁਰੂ ਦਾ ਜਾਪ ਕਰਿਆ ਕਰੋ। ਚੜ੍ਹਦੀ ਕਲਾ ਹਾਸਲ ਕਰਨ ਲਈ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਤਿੰਨ ਰਾਹ ਹਨ, 1. ਗੁਰਸਿੱਖਾਂ ਦੀ ਸੰਗਤ, 2.ਸੱਚ ਤੇ ਪਹਿਰਾ, 3. ਸਬਰ ਸੰਤੋਖ, 4. ਸੰਜਮ -ਵਾਸ਼ਨਾਵਾਂ ਤੇ ਕਾਬੂ ਪਾਉਣਾ।

----◆-----

## ਓਏ ਫਕੀਰਾ ਜਨਾਨੀ ਕਿਓ ਬਣਿਆ ਫਿਰਦੈ ? ਕਰਨਾਲ ਜਾ ਟੁੰਬਿਆ ਪੀਰ ਟਟੀਰੀ ਨੂੰ

ਰੱਬ ਨੂੰ ਪਾਉਣ ਦੇ ਰਾਹ ਵਿੱਚ ਬੰਦਾ ਕਾਹਲੀ ਕਰੇ ਤਾਂ ਭੇਖੀ ਬਣ ਜਾਂਦਾ ਹੈ

ਕੁਲਖੇਤਰ ਤੋਂ ਹੁੰਦੇ ਹੋਏ ਫਿਰ ਬਾਬਾ ਨਾਨਕ ਜਾ ਕਰਨਾਲ ਠਹਿਰੇ। ਓਨਾਂ ਨੂੰ ਦੱਸਿਆ ਹੋਇਆ ਸੀ ਕਿ ਓਥੇ ਵੀ ਫਕੀਰਾਂ ਦਾ ਵੱਡਾ ਅੱਡਾ ਬੋ ਅਲੀ ਸ਼ਾਹ ਕਲੰਦਰ ਦੀ ਦਰਗਾਹ ਤੇ ਹੈ। ਪੀਰ ਦਾ ਅਸਲੀ ਨਾਂ ਤਾਂ ਅਬੂ ਅਲੀ ਸੀ ਪਰ ਓਥੇ ਪ੍ਰਚਲਤ ਨਾਂ ਬਾਬਾ ਬੋ (ਸੁਗੰਧ) ਪਿਆ ਹੋਇਆ ਸੀ। ਦਰਗਾਹ ਦਾ ਗੱਦੀ ਨਸ਼ੀਨ ਪੀਰ ਉਨੀ ਦਿਨੀ ਸ਼ੇਖ ਤਾਹਿਰ ਸੀ। ਜਿਆਦਾ ਬੋਲਣ ਦੀ ਆਦਤ ਕਰਕੇ ਲੋਕਾਂ ਉਹਦਾ ਨਾਂ ਸੇਖ ਟਟੀਰੀ (ਟਟਿਆਉਲੀ) ਪਾਇਆ ਹੋਇਆ ਸੀ।

ਬੋ ਅਲੀ ਦੇ ਮਕਬਰੇ ਦੇ ਰਾਹ ਵਿੱਚ ਬਾਬਾ ਜੀ ਨੇ ਡੇਰਾ ਲਾ ਲਿਆ। ਸਬੱਬੀ ਇੱਕ ਫਕੀਰ ਆ ਨਿਕਲਿਆ। ਬਾਬੇ ਨੂੰ ਸਲਾਮ ਕੀਤੀ। ਗੁਰੂ ਸਾਹਿਬ ਨੇ ਜਵਾਬ ਦਿੱਤਾ, "ਆਲੇਖ ਕੋ ਸਲਾਮ, ਨਿਰੰਕਾਰ ਕੋ ਸਲਾਮ, ਅਕਾਲ ਕੋ ਸਲਾਮ।"

ਫਕੀਰ ਨੂੰ ਬੜਾ ਵੱਟ ਚੜਿਆ। ਕਿਉਕਿ ਮੁਸਲਮਾਨ ਲੋਕ ਸਲਾਮ ਦੇ ਜਵਾਬ ਵਿਚ 'ਵਾਹ ਲਾਇਕਮ ਇਸਲਾਮ' ਕਹਿੰਦੇ ਨੇ। ਭਾਵ ਇਸਲਾਮ ਮਜ਼੍ਹਬ ਦੀ ਤਾਰੀਫ। ਫਕੀਰ ਨੇ ਜਾ ਸੇਖ ਟਟੀਰੀ ਕੋਲ ਸ਼ਕਾਇਤ ਕੀਤੀ ਕਿ ਹਜੂਰ ਬਾਹਰ ਬਾਗ ਕੰਢੇ ਫਕੀਰਾਂ ਦਾ ਇੱਕ ਜੋੜਾ ਬੈਠਾ। ਉਹ ਵੇਖਣ ਨੂੰ ਹਿੰਦੂ ਵੀ ਨਹੀ ਲਗਦੇ। ਮੈਂ ਜਦੋਂ ਸਲਾਮ ਕਹੀ ਤਾਂ ਓਨਾਂ ਆਹ ਜਵਾਬ ਦਿੱਤਾ. "ਆਲੇਖ ਕੋ ਸਲਾਮ"

ਇਹ ਸੁਣ ਕੇ ਟਟੀਰੀ ਸ਼ੇਖ ਦਾ ਜਿਵੇ ਮੰਨ ਖਿੜ ਉਠਦੈ, "ਓਏ ਕਿਤੇ ਤੂੰ ਨਾਨਕ ਦਰਵੇਸ਼ ਦੇ ਦਰਸ਼ਨ ਤਾਂ ਨਹੀ ਕਰ ਆਇਆ?" ਫਕੀਰ ਨੇ ਸਾਰਾ ਹੁਲਿਆ ਦਸਿਆ। ਟਟੀਰੀ ਕਹਿੰਦਾ ਚਲ ਹੁਣੇ ਮੈਨੂੰ ਉਸ ਤੱਕ ਲੈ ਚਲ।

ਟਟੀਰੀ ਗੁਰੂ ਸਾਹਿਬ ਦੇ ਡੇਰੇ ਪਹੁੰਚਿਆ ਤੇ ਸਲਾਮ ਕੀਤੀ। ਗੁਰੂ ਸਾਹਿਬ ਨੇ ਸ਼ੇਖ ਨੂੰ ਗੱਲ ਨਾਲ ਲਾਇਆ। ਸਾਰਾ ਹਾਲ ਚਾਲ ਪੁਛਿਆ।

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥**

ਟਟੀਰੀ ਨੇ ਉਸ ਵੇਲੇ ਜਨਾਨਾ ਭੇਖ ਬਣਾਇਆ ਹੋਇਆ ਸੀ। ਸਿਰ ਤੇ ਚੁੰਨੀ, ਹੱਥਾਂ ਤੇ ਮਹਿੰਦੀ, ਚੂੜੀਆਂ, ਬੁੱਲਾਂ ਤੇ ਸੁਰਖੀ।

ਬਾਬੇ ਨੇ ਕਿਹਾ ਟਟੀਰੀ ਆਹ ਭੇਖ ਕਿਓ ਬਣਾਈਆਂ ਈ? ਅੱਗੋ ਟਟੀਰੀ ਕਹਿੰਦਾ, "ਕੀ ਕਰੀਏ ਜੀ, ਪਤੀ ਨਹੀ ਮਿਲ ਰਿਹਾ

ਪੈਰ ਸਫਾ

◘ ਅਮਰੀਕਾ ਦੀ ਨਾਸਾ ਅਜੈਂਸੀ ਮੁਤਾਬਿਕ 1507 ਈ. ਅਤੇ 1508 ਈ ਵਿਚ ਸੂਰਜ ਗ੍ਰਿਹਣ ਹੇਠ ਲਿਖੀਆਂ ਤਰੀਕਾਂ ਨੂੰ ਲੱਗੇ ਸਨ:-

13-1--1507, 10-7-1507, 2-1-1508, 29-5--1508, 28-7--1508, 22-11-1508,

ਜਨਮਸਾਖੀਆਂ ਵਿਚ ਦਿਤੇ ਹਾਲਾਤਾਂ ਤੋਂ ਇਹੋ ਲਗਦਾ ਹੈ ਕਿ ਪਹਿਲੀ ਵਾਰ ਗੁਰੂ ਸਾਹਿਬ 2-1-1508 ਦੇ ਗ੍ਰਿਹਣ ਵੇਲੇ ਹਾਜਰ ਸਨ। ਕਿਉਕਿ ਸਤੰਬਰ 1507 ਈ ਵਿਚ ਸਾਹਿਬ ਸੁਲਤਾਨ ਪੁਰ ਤੋਂ ਨਿਕਲੇ ਸਨ। ਉਹਨਾਂ ਦੀ ਯਾਤਰਾ ਦੀ ਗਤੀ ਨੂੰ ਧਿਆਨ ਵਿਚ ਰੱਖਦਿਆਂ ਇਹੋ ਨਤੀਜਾ ਨਿਕਲਦਾ ਹੈ।

ਇਹ ਵੀ ਦਸਣਾ ਬਣਦਾ ਹੈ ਕਿ ਪੂਰਬ ਦੀ ਉਦਾਸੀ ਤੋਂ ਪਹਿਲਾਂ ਹੀ ਸਾਹਿਬ ਇਥੇ ਆ ਚੁੱਕੇ ਸਨ ਕਿਉਕਿ ਭਾਈ ਮਨੀ ਸਿੰਘ ਵਾਲੀ ਸਾਖੀ ਕਿ ਜਿਕਰ ਆਉਦਾ ਹੈ ਕਿ ਬਿਹਾਰ ਵਿੱਚ ਗੁਰੂ ਸਾਹਿਬ ਉਸ ਰਾਜ ਕੁਮਾਰ ਨੂੰ ਦੁਬਾਰਾ ਮਿਲੇ ਜਿੰਹਨੇ ਕੁਰਸ਼ੇਤਰ ਹਰਨ ਭੇਟ ਕੀਤਾ ਸੀ।

ਜਦੋਂ ਕਿ ਬਾਲੇ ਨੇ (ਸਫਾ 277) ਦੂਸਰੀ ਉਦਾਸੀ ਤੋਂ ਬਾਦ ਕੁਲਖੇਤਰ ਆਉਣਾ ਲਿਖਿਆ ਹੈ।

ਗੁਰਦੁਆਰਾ ਸਿੱਧ ਵੱਟੀ ਦੇ ਬਾਹਰ ਜਿਹੜਾ ਬੋਰਡ ਲੱਗਾ ਹੈ ਉਸ ਤੇ ਗੁਰੂ ਸਾਹਿਬ ਦੇ ਕੁਲਖੇਤਰ ਆਉਣ ਦੀ ਤਾਰੀਖ ਵੈਸਾਖੀ ਸੰਨ 1515 ਈ. ਦਿੱਤੀ ਹੈ। ਸਾਨੂੰ ਨਹੀ ਲੱਗਦਾ ਕਿ ਗੁਰਦੁਆਰਾ ਪ੍ਰਬੰਧਕਾਂ ਨੇ ਇਹ ਤਾਰੀਖ ਸੀਨਾ ਬਸੀਨਾ ਚਲਦੀ ਰਵਾਇਤ ਵਿਚੋਂ ਲਈ ਹੋਵੇ। ਅਮੂਮਨ ਪ੍ਰਬੰਧਕ ਮੁਕਾਮੀ ਰਵਾਇਤ ਨੂੰ ਨਜਰਅੰਦਾਜ ਕਰਕੇ ਕਿਸੇ ਕਿਤਾਬ ਵਿਚ ਦਿੱਤੀ ਜਾਣਕਾਰੀ ਨੂੰ ਪਹਿਲ ਦੇ ਦਿੰਦੇ ਨੇ। ਬਦਕਿਸਮਤੀ ਨਾਲ ਸਾਡੇ ਲੋਕ ਰਵਾਇਤ ਦੀ ਕਦਰ ਨਹੀ ਕਰਦੇ। ਜਦੋਂ ਕਿ ਇਤਹਾਸ ਦਾ ਅਸੂਲ ਹੈ ਕਿ ਸੱਚ ਦੀ ਘੋਖ ਕਰਦਿਆਂ 'ਰਵਾਇਤ ਨੂੰ ਪਹਿਲ ਦਿੱਤੀ ਜਾਵੇ ਜੇ ਉਹ ਝੂਠੀ ਸਾਬਤ ਨਹੀ ਹੁੰਦੀ ਤਾਂ।" ਸਾਡੇ ਲੋਕਾਂ ਨੇ ਜੇ ਰਵਾਇਤ ਵਿਚ ਦਿੱਤੀਆਂ ਤਰੀਖਾਂ ਦੀ ਕਦਰ ਕੀਤੀ ਹੁੰਦੀ ਤਾਂ ਤਰੀਖਾਂ ਬਾਰੇ ਇਨੇ ਬਖੇੜੇ ਨਹੀ ਸਨ ਪੈਣੇ। ਲੋਕਾਂ ਨੂੰ ਧਿਆਨ ਰੱਖਣਾ ਚਾਹੀਦਾ ਕਿ ਲਿਖਾਰੀ ਤਾਂ ਸੈਕੜੇ ਮੀਲ ਦੂਰ ਬੈਠਾ ਕਿਤਾਬ ਵਿਚ ਤੁਹਾਡੇ ਅਸਥਾਨ ਬਾਰੇ ਲਿਖ ਰਿਹਾ ਹੈ। ਅਸਲੀ ਜਾਣਕਾਰੀ ਤਾਂ ਸਥਾਨਕ ਲੋਕਾਂ ਨੂੰ ਹੁੰਦੀ ਹੈ।


✚ ਗਿਆਨੀ-97 ਨੇ ਲਿਖਿਆ ਕਿ ਹਿਰਨ ਹਾਂਸੀ ਦੇ ਰਾਜੇ ਦੇ ਪੁੱਤਰ ਨੇ ਚੜਾਇਆ ਸੀ ਜਦੋਂ ਕਿ ਮਨੀ ਸਿੰਘ -317 ਨੇ ਬਿਹਾਰ ਦੇ ਰਾਣੀ ਅਤੇ ਰਾਜਕੁਮਾਰ ਦੱਸਿਆ ਹੈ।

ਮੈਨੂੰ। ਉਹਦੇ ਵਿਛੋੜੇ ਵਿੱਚ ਇਹ ਸਭ ਕੁਝ।"

ਸਾਹਿਬ ਨੇ ਕਿਹਾ "ਨਾਂ ਭਾਈ ਨਾਂ। ਇਹ ਤਾਂ ਪਾਖੰਡ ਹੋ ਜਾਂਦਾ ਹੈ ਇਹ ਤਾਂ ਵਿਖਾਵਾ ਹੈ। ਮੁਹੱਬਤ ਤਾਂ ਦਿਲੋਂ ਹੁੰਦੀ ਹੈ। ਭੇਖ ਕੀਤਿਆਂ ਉਹ ਨਹੀ ਰੀਝਦਾ। ਕੀ ਬੱਚਾ ਆਪਣੀ ਮਾਂ ਨਾਲ ਪਿਆਰ ਮੌਕੇ ਕੋਈ ਭੇਖ ਬਣਾਉਂਦਾ ਹੈ? ਨਹੀ ਟਟੀਰੀ ਤੁਸਾਂ ਤਾਂ ਸਗੋ ਆਪਣੇ ਪਿਆਰੇ ਨੂੰ ਨਰਾਜ ਕੀਤਾ ਹੋਇਆ ਹੈ। ਉਸ ਨੇ ਤੁਹਾਨੂੰ ਮਰਦ ਬਣਾਇਆ ਸੀ ਤੁਸਾਂ ਉਹਦਾ ਹੁਕਮ ਅਦੂਲ ਦਿੱਤਾ ਹੈ। "

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ, ਮਰਦਾਨੇ ਛੇੜ ਦੇ ਤਾਰ ਬਾਣੀ ਆ ਰਹੀ ਹੈ:-

**ਆਸਾ ਘਰੁ ੫ ਮਹਲਾ ੧ ॥ ੴ ਸਤਿਗੁਰ ਪ੍ਰਸਾਦਿ ॥ ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥ ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥ ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥ ਪੰਚ ਸਖੀ ਹਮ ਏਕੁ ਭਤਾਰੋ ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥ ਪੰਚ ਸਖੀ ਮਿਲਿ ਰੁਦਨੁ ਕਰੇਹਾ ॥ ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥੧॥੩੪॥**





(ਖੱਬੇ) ਬੀ:40 ਪੇਂਟਿੰਗ ਜਨਾਨੀ ਬਣਿਆ ਪੀਰ ਟਟੀਰੀ। ਪੀਰਾਂ ਫਕੀਰਾਂ ਦਾ ਜਨਾਨੀ ਬਣਨ ਦਾ ਪਾਖੰਡ ਅੱਜ ਵੀ ਬਾਦਸਤੂਰ ਜਾਰੀ ਹੈ। ਆਹ ਵੇਖੋ ਪਾਕਿਸਤਾਨ ਦੇ ਇਕ ਪੀਰ ਦਾ ਹਾਲ।

ਟਟੀਰੀ ਨੂੰ ਸਮਝਾਇਆ ਭਈ ਨਿਰੰਕਾਰ ਦੇ ਰਾਹ ਚਲਦਿਆਂ ਆਪਾਂ ਕਾਹਲੀ ਨਹੀ ਸਕਦੇ। ਸਬਰ ਸੰਤੋਖ ਹੀ ਉਹਦੇ ਪੰਧ ਦਾ ਗਹਿਣਾ ਹੈ। ਜੇ ਖ਼ੁਦਾ ਨੂੰ ਪਾਉਣ ਦੀ ਕਾਹਲ ਵਿੱਚ ਆਪਾਂ ਕਾਹਲ ਕਰਾਂਗੇ ਤਾਂ ਭੇਖੀ ਬਣ ਜਾਵਾਂਗੇ। ਖ਼ੁਦਾ ਦੀ ਮੁਹੱਬਤ ਤੁਹਾਡੇ ਹਿਰਦੇ ਵਿੱਚ ਹੋਵੇ। ਲੋਕ ਵਿਖਾਵਾ ਨਾਂ ਹੋਵੇ।

ਬਾਗ ਤੋਂ ਇਲਾਵਾ ਗੁਰੂ ਸਾਹਿਬ ਸ਼ਹਿਰ ਵਿਚ ਸਰਾਫਾ ਬਜਾਰ ਵਿਚ ਜਿਥੇ ਬਿਰਾਜੇ ਸਨ ਓਥੇ ਉਹਨਾਂ ਦੀ ਫੇਰੀ ਦੀ ਯਾਦ ਵਿੱਚ ਮੰਜੀ ਸਾਹਿਬ (ਥੜਾ) ਉਸਾਰਿਆ ਗਇਆ। ਫਿਰ 1709/10 ਵਿਚ ਜਦੋਂ ਬੰਦਾ ਸਿੰਘ ਬਹਾਦਰ ਨੇ ਕਰਨਾਲ ਫਤਹਿ ਕੀਤਾ ਤਾਂ ਇਥੇ ਵੀ ਗੁਰਦੁਆਰਾ ਮੰਜੀ ਸਾਹਿਬ ਪਹਿਲੀ ਪਾਤਸ਼ਾਹੀ ਬਣਿਆ।

ਲਗਦਾ ਹੈ ਇਹ ਕਿਸੇ ਗੁਰਸਿੱਖ ਨੇ ਕੁਝ ਹੀ ਸਮਾਂ ਪਹਿਲਾਂ ਬਣਾਇਆ ਹੋਵੇਗਾ ਕਿਉਕਿ ਗੁਰਦੁਆਰਾ ਸ਼੍ਰੋਮਣੀ ਕਮੇਟੀ ਤਹਿਤ ਆਉਂਦੇ ਗੁਰਦੁਆਰਿਆ ਦੀ ਲਿਸਟ ਵਿੱਚ ਨਹੀ ਮਿਲਿਆ। ਜੂਨ 2017 ਵਿੱਚ ਇਹ ਗੁਰਦੁਆਰਾ ਖਬਰਾਂ ਵਿੱਚ ਵੀ ਸੀ ਜਦੋਂ ਇਸ ਦੀ ਇਮਾਰਤ ਢਿਗਣ ਨਾਲ 5 ਬੰਦੇ ਮਾਰੇ ਗਏ ਸਨ।

ਟਟੀਰੀ ਕੋਲ ਕੁਝ ਸਮਾਂ ਰਹਿ ਕੇ ਗੁਰੂ ਸਾਹਿਬ ਅੱਗੇ ਦਿੱਲੀ ਨੂੰ

⊙ ਪੁਰਾਤਨ-53 ਨੇ ਇਸ ਸਾਖੀ ਦਾ ਪਾਣੀਪਤ ਵਾਪਰਨਾ ਲਿਖਿਆ ਹੈ। ਖਜ਼ਾਨ ਸਿੰਘ ਅਤੇ ਹੋਰ ਲਿਖਾਰੀਆਂ ਵੀ ਫਿਰ ਓਹੋ ਦੇ ਦਿਤਾ। ਅਸਲ ਸਾਖੀ ਕਰਨਾਲ ਵਿਚ ਵਾਪਰੀ ਸੀ। ਇਸ ਦਾ ਸਭ ਤੋਂ ਵੱਡਾ ਸਬੂਤ ਕਰਨਾਲ ਵਿਖੇ ਮੌਜੂਦ ਗੁਰੂ ਸਾਹਿਬ ਦਾ ਮੰਜੀ ਸਾਹਿਬ ਅਤੇ ਸਥਾਨਕ ਰਵਾਇਤ ਹੈ । ਸ਼ੇਖ ਤਾਹਿਰ ਜਾਂ ਟਟੀਰੀ ਪੀਰ ਦਰ ਅਸਲ ਬੋ ਅਲੀ ਦੀ ਦਰਗਾਹ ਦੇ ਪੀਰਾਂ ਵਿਚੋਂ ਸੀ ਜੋ ਕਰਨਾਲ ਵਿਚ ਰਹਿ ਕੇ ਇਸਲਾਮ ਦਾ ਪ੍ਰਚਾਰ ਕਰਦਾ ਸੀ। ਰਵਾਇਤ ਵਿਚ ਇਹ ਵੀ ਆਉਦਾ ਹੈ ਕਿ ਉਹ ਲੋਕਾਂ ਨੂੰ ਭਰਮਾਉਣ ਲਈ ਚਮਤਕਾਰ ਵੀ ਕਰਦਾ ਸੀ।

ਪਾਣੀਪਤ ਦਾ ਸ਼ੇਖ ਸ਼ਰਫਉਦੀਨ ਉਰਫ ਬੋ ਅਲੀ ਗੁਰੂ ਸਾਹਿਬ ਤੋਂ ਬਹੁਤ ਪਹਿਲਾਂ ਹੋਇਆ ਹੈ।(ਯੂਟਿਊਬ ਦੇ ਵੀਡੀਓ ਮੁਤਾਬਿਕ ਉਹਦਾ ਦਾ ਜਨਮ 1209 ਈ. ਅਜ਼ਰਬਾਇਜਾਨ, ਈਰਾਨ ਦਾ ਹੈ, ਦਿਹਾਂਤ 30 ਅੱਸੂ, 1332 ਸੰਮਤ ਭਾਵ 1275 ਈ. ) ਇਹਨਾਂ ਦਾ ਮਕਬਰਾ ਬਾਦਸ਼ਾਹ ਜਹਾਂਗੀਰ ਦੇ ਇਕ ਜਰਨੈਲ ਨੇ ਬਣਵਾਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਬੋ ਅਲੀ ਦਰ ਅਸਲ ਕਰਨਾਲ ਦੀ ਹੀ ਪੈਦਾਇਸ਼ ਸੀ। ਜਿਸ ਨੇ ਲੰਮਾ ਸਮਾਂ ਪਾਣੀ ਵਿਚ ਖਲੋ ਕੇ ਭਗਤੀ ਕੀਤੀ ਜਿਸ ਕਾਰਨ ਉਹਦਾ ਸਰੀਰ ਬੋ ਮਾਰਦਾ ਸੀ।

ਸਾਨੂੰ ਵੀ ਸ਼ੱਕ ਹੈ ਕਿ ਜਿਹੜਾ ਉਹਨੂੰ ਅਜਰਬਾਇਜਾਨ ਨਾਲ ਜੋੜਿਆ ਜਾਂਦਾ ਹੈ ਉਹ ਗੁਰੂ ਸਾਹਿਬ ਦੀ ਬਗਦਾਦ ਫੇਰੀ ਦੇ ਰੱਲ ਗੱਡ ਹੋਣ ਕਾਰਨ ਹੈ। ਕਿਉਕਿ ਗੁਰੂ ਸਾਹਿਬ ਬਗਦਾਦ ਵਿਚ ਸ਼ਰਫਉਦੀਨ ਨੂੰ ਹੀ ਮਿਲਦੇ ਹਨ। ਇਥੇ ਵੀ ਪੀਰ ਦਾ ਨਾਂ ਸਰਫਦੀਨ ਹੀ ਹੈ।

ਇਸ ਵਿਚ ਕੋਈ ਹੈਰਾਨੀ ਨਹੀ ਕਿ ਜਨਮ ਸਾਖੀ ਨੇ ਗੁਰੂ ਸਾਹਿਬ ਦਾ ਮੇਲ ਸਿੱਧਾ ਬੋ ਅਲੀ ਨਾਲ ਵਿਖਾਇਆ ਹੈ। ਐਨ ਏਸੇ ਤਰਾਂ ਜਦੋਂ ਗੁਰੂ ਸਾਹਿਬ ਸਿੱਧ ਜੋਗੀਆਂ ਨੂੰ ਮਿਲਦੇ ਨੇ ਤਾਂ ਜਨਮਸਾਖੀ ਮੱਠ ਜਾਂ ਸੰਪਰਦਾ ਦੇ ਮੁਖੀ ਨਾਲ ਮੇਲ ਵਿਖਾਉਦੀਆਂ ਹਨ ਭਾਵੇ ਉਸ ਨੂੰ ਗੁਜਰੇ ਸੈਕੜੇ ਸਾਲ ਹੋ ਗਏ ਹੋਣ। ਕੁਦਰਤੀ ਹੈ ਜਿੰਨੀ ਕੁ ਜਨਮਸਾਖੀ ਦੇ ਕਰਤਾ ਨੇ ਗਲ ਸੁਣੀ ਹੁੰਦੀ ਹੈ, ਆਪਣੇ ਗਿਆਨ ਮੁਤਾਬਿਕ ਉਸ ਲਿਖ ਦਿੱਤੀ। ਜਿਵੇ ਕਿਤੇ ਗੋਰਖ ਨਾਥ ਨਾਲ ਗੁਰੂ ਸਾਹਿਬ ਦਾ ਮੇਲ ਦਿਖਾਇਆ ਹੈ। ਹਾਲਾਂਕਿ ਗੋਰਖ ਨਾਥ ਗੁਰੂ ਸਾਹਿਬ ਤੋਂ ਕਈ ਸਦੀਆਂ ਪਹਿਲਾਂ ਹੋਇਆ ਹੈ। ਚਾਹੇ ਨਾਂ ਗਲਤ ਹੀ ਹਨ ਪਰ ਜਨਮ ਸਾਖੀ ਦੇ ਲਿਖਾਰੀਆਂ ਨੇ ਜਿੰਨੀ ਘਟਨਾ ਦਾ ਪਤਾ ਸੀ ਲਿਖ ਕੇ ਵੱਡੀ ਸੇਵਾ ਕੀਤੀ ਹੈ। ਸੋ ਸ਼ੇਖ ਸਰਫ ਉਰਫ ਬੋ ਅਲੀ ਗੁਰੂ ਸਾਹਿਬ ਤੋਂ ਪਹਿਲਾਂ ਹੋ ਗੁਜਰਿਆ ਹੈ। ਅਤੇ ਇਹ ਸਾਖੀ ਕਰਨਾਲ ਵਾਪਰੀ ਸੀ। ਸ਼ੇਖ ਟਟੀਰੀ ਕਰਨਾਲ ਰਹਿੰਦਾ ਸੀ ਪਰ ਅਨੁਆਈ ਬੋ ਅਲੀ ਦੀ ਦਰਗਾਹ ਦਾ ਹੀ ਸੀ।

ਕਰਨਾਲ ਦੀ ਮੰਜੀ ਸਾਹਿਬ ਵਿਖੇ ਫਿਰ ਅੱਠਵੇ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਆਉਣ ਦੀ ਵੀ ਰਵਾਇਤ ਹੈ।

ਕਰਨਾਲ ਤੋਂ ਗੁਰੂ ਸਾਹਿਬ ਫਿਰ ਪਾਣੀਪਤ ਆਏ ਤੇ ਸੰਭਾਵਨਾ ਹੈ ਕਿ ਉਹ ਬੋ ਅਲੀ ਦੀ ਦਰਗਾਹ ਤੇ ਵੀ ਪਧਾਰੇ। ਪਾਣੀਪਤ ਦਾ ਗੁਰਦੁਆਰਾ ਮੌਜੂਦਾ ਦੌਰ ਵਿਚ ਹੀ ਕਿਸੇ ਨੇ ਜੀ ਟੀ ਰੋਡ ਤੇ ਬਣਾਇਆ ਹੈ ਅਤੇ ਗੁਰੂ ਸਾਹਿਬ ਦੀ ਆਮਦ ਨਾਲ ਜੋੜ ਦਿੱਤਾ ਹੈ।



ਬੋ ਅਲੀ ਦਾ ਮਕਬਰਾ - ਪਾਣੀਪਤ







ਮਦੀਨਾ ਮਸਜਦ ਰੇਲਵੇ ਰੋਡ, ਨਨਕਾਣਾ ਸਾਹਿਬ

**ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ, ਹਨੂਮਾਨ ਗਲੀ, ਮੁਹੱਲਾ ਖੱਤਰੀਆਂ, ਕਰਨਾਲ। ਮੰਦਰ ਤੇ ਮਸੀਤ**

ਇਸ ਫੋਟੋ ਨੂੰ ਧਿਆਨ ਨਾਲ ਵੇਖਿਆ ਜਾਵੇ। ਇਤਹਾਸਿਕ ਗੁਰਦੁਆਰੇ ਦੇ ਨਾਲ ਥੋੜੀ ਜਿਹੀ ਥਾਂ 'ਚ 4-5 ਮੰਜਲਾਂ ਉੱਚਾ ਮੰਦਰ ਬਣਾ ਦਿੱਤਾ ਹੈ। ਐਨ ਗੇਟ ਅੱਗੇ ਬਿਜਲੀ ਦਾ ਪੋਲ ਗੱਢ ਦਿਤਾ। ਗੁਰਦੁਆਰਾ ਸਾਹਿਬ ਨਾਲ ਈਰਖਾ ਸਾਫ ਨਜਰ ਆ ਰਹੀ ਹੈ।

ਇਸ ਵਰਤਾਰੇ ਨੂੰ ਸਮਝਣ ਲਈ ww.punjamonitor.com ਤੇ ਦਿੱਤਾ ਲੇਖ 'ਖੱਤਰੀ ਜਿੰਨਾਂ ਸਿੱਖੀ ਸਾਜੀ ਅਤੇ ਤਿਆਗੀ' ਪੜਿਆ ਜਾਵੇ। ਕਹਿਣ ਤੋਂ ਮਤਲਬ ਗੁਰੂ ਸਾਹਿਬਾਨ ਜਿਹਨਾਂ ਹਿੰਦੂਆਂ ਲਈ ਆਪਾ ਵਾਰਦੇ ਰਹੇ ਅੱਜ ਉਹ ਭਾਰਤ ਦੇ ਅਜਾਦ ਹੋਣ ਤੇ ਕੀ ਰਵੱਈਆ ਰੱਖਦੇ ਨੇ। ਮੁਗਲ ਅਤੇ ਸਿੱਖ ਹਕੂਮਤ ਹੋਣ ਵੇਲੇ ਸਿੱਖੀ ਦੀ ਪਾਲਣਾ ਕਰਨ ਵਾਲੇ ਬਹੁਤੇ ਖੱਤਰੀ ਅੱਜ ਮੂਹ ਫੇਰ ਗਏ ਨੇ ਅਤੇ ਵਾਪਸ ਜਾ ਹਿੰਦੂ ਧਰਮ ਦੀ ਕੱਟੜਤਾ ਅਪਣਾ ਲਈ ਹੈ। ਇਨਾਂ ਹਾਲਾਤਾਂ ਵਿਚ ਜਰੂਰੀ ਹੈ ਸਿੱਖ ਹੋਰ ਵੀ ਨਿਮ੍ਰਤਾ ਵਿਚ ਆ ਜਾਣ। ਸਿੱਖੀ ਤਾਂ ਹੈ ਹੀ ਨਿਮਾਣੇਪਣ ਦਾ ਨਾਂ। ਸਾਨੂੰ ਇਹ ਕਹਿਣ ਵਿਚ ਫਖਰ ਮਹਿਸੂਸ ਹੁੰਦਾ ਹੈ ਕਿ ਹਰਮੰਦਰ ਸਾਹਿਬ ਅੰਮ੍ਰਿਤਸਰ ਦੇ ਲਾਗੇ ਸ਼ਨੀ ਮੰਦਰ ਕਮੇਟੀ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਆਪਣੀ ਥਾਂ ਦੇ ਕੇ ਮੰਦਰ ਬਣਾਉਣਾ ਮੰਨਿਆ। ਸਾਡੇ ਗੁਰੂ ਦਾ ਹੁਕਮ ਹੈ ਬੁਰਾਈ ਦੇ ਸਾਹਮਣੇ ਆਪਣਾ ਚੰਗਿਆਈ ਦਾ ਗੁਣ ਬਰਕਰਾਰ ਰੱਖਣਾ ਹੈ: **ਹਰਿ ਜਨੁ ਰਾਮ ਨਾਮ ਗੁਨ ਗਾਵੈ ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥** (ਅੰਗ 719 ਸਗਗਸ)

ਐਨ ਇਹੋ ਹਾਲਾਤ ਅਸਾਂ ਨਨਕਾਣਾ ਸਾਹਿਬ ਵੇਖੇ ਨੇ। ਓਥੇ ਵੀ ਜਨਮ ਅਸਥਾਨ ਦੇ ਮੁੱਖ ਗੇਟ ਦੇ ਲਾਗੇ ਮਸੀਤ ਬਣਾ ਕੇ 6 ਮੰਜਲੀ ਮੀਨਾਰ ਬਣਾ ਦਿੱਤੀ ਗਈ ਹੈ।

ਰਵਾਨਾ ਹੋ ਗਏ। ਸਾਖੀਆਂ 'ਚ ਆਉਦਾ ਹੈ ਕਿ ਟਟੀਰੀ ਨੇ ਅਖੀਰ 'ਚ ਗੁਰੂ ਸਾਹਿਬ ਦੇ ਪੈਰ ਚੁੰਮੇ।

----◆-----

## ਦਿੱਲੀ 'ਚ ਮੋਇਆ ਹਾਥੀ ਜਿਵਾ ਦਿੱਤਾ ਬਾਬੇ ਨੇ

ਜਦੋਂ ਦਿੱਲੀ ਗੁਰੂ ਸਾਹਿਬ ਪਹੁੰਚੇ ਤਾਂ ਲਾਲ ਕਿਲੇ ਤੋਂ ਕੋਈ 5 ਕਿਲੋਮੀਟਰ ਪਹਿਲਾਂ ਹੀ ਜਮਨਾ ਦਰਿਆ ਦੇ ਕੰਢੇ ਤੇ ਇੱਕ ਟਿੱਲੇ ਤੇ ਇੱਕ ਪਤਲੇ ਦੁਬਲੇ ਅਬਦੁਲੇ ਨਾਂ ਦੇ ਫਕੀਰ ਦਾ ਟਿਕਾਣਾ ਸੀ। ਇਹ ਕਰਨੀ ਵਾਲਾ ਫਕੀਰ ਖੁਦਾ ਦੀ ਯਾਦ ਵਿੱਚ ਇਨਾਂ ਦੀਵਾਨਾ ਸੀ ਕਿ ਲੋਕਾਂ ਉਹਦਾ ਨਾਂ ਮਜਨੂੰ ਰਖਿਆ ਹੋਇਆ ਸੀ। ਮਜਨੂੰ ਦੀ ਜਦੋਂ ਮੌਜ ਆਉਦੀ ਤਾਂ ਆਪਣੀ ਛੋਟੀ ਜਿਹੀ ਕਿਸ਼ਤੀ ਤੇ ਲੋਕਾਂ ਨੂੰ ਦਰਿਆ ਪਾਰ ਕਰਾ ਦਿੰਦਾ ਸੀ। ਇਸ ਟਿਕਾਣੇ ਤੇ ਹੋਰ ਫਕੀਰ ਵੀ ਰਹਿੰਦੇ ਸਨ। ਲਾਗੇ ਹੀ ਮਹਾਵਤਾਂ ਦੀ ਬਸਤੀ ਸੀ ਜਿਹੜੇ ਬਾਦਸ਼ਾਹ ਦੇ ਹਾਥੀਆਂ ਸੀ ਸੰਭਾਲ ਕਰਦੇ ਸਨ। ਯਾਦ ਰਹੇ ਲੋਧੀਆਂ ਕੋਲ 100 ਤੋਂ ਵੱਧ ਹਾਥੀ ਸਨ।

ਮਹਾਵਤਾਂ ਦਾ ਸਰਦਾਰ ਕੋਈ ਪੰਜਾਬੀ ਬੰਦਾ ਸੀ ਤੇ ਪੀਰਾਂ ਫਕੀਰਾਂ ਦਾ ਬੜਾ ਸੇਵਾਦਾਰ ਸੀ। ਇੱਕ ਦਿਨ, ਜਿੰਨੀ ਦਿਨੀ ਗੁਰੂ ਸਾਹਿਬ ਓਥੇ ਸਨ ਓਦੋਂ ਹੀ ਮਹਾਵਤਾਂ ਵਿੱਚ ਚੀਕ ਚਿਹਾੜਾ ਪੈ ਗਿਆ। ਸਭ ਲੋਕ ਇਕੱਠੇ ਹੋ ਕੇ ਮਹਾਵਤਾਂ ਦੇ ਡੇਰੇ ਗਏ ਤੇ ਕੀ ਵੇਖਦੇ ਹਨ ਕਿ ਮਹਾਵਤਾਂ ਦਾ ਇੱਕ ਹਾਥੀ ਮਰ ਗਇਆ ਹੈ। ਮਜਨੂੰ ਨੇ ਮਹਾਵਤਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਥੇ ਹਰ ਕੋਈ ਨਾਸ਼ਵਾਨ ਹੈ, ਮਹਿਮਾਨ ਹੈ ਹਰ ਕਿਸੇ ਨੇ ਜਾਣਾ ਹੈ। ਪਰ ਉਹ ਕਿਥੇ ਮੰਨਣ। ਕਾਰਨ ਇਹ ਸੀ ਕਿ ਇਹ ਉਹ ਸੁਝਵਾਨ ਤੇ ਸੀਲ ਹਾਥੀ ਜਿਸ ਤੇ ਬਾਦਸ਼ਾਹ ਆਪ ਸਵਾਰੀ ਕਰਦਾ ਸੀ। ਗੁਰੂ ਸਾਹਿਬ ਨੇ ਮਹਾਵਤਾਂ ਨੂੰ ਕਿਹਾ ਕਿ ਹਾਥੀ ਬਾਦਸ਼ਾਹ ਦਾ ਮਰਿਆ ਹੈ ਤੁਸੀ ਕਿਓ ਐਂਵੇ ਰੋਣਾ ਧੋਣਾ ਪਾਇਆ ਹੋਇਆ ਹੈ। ਮਹਾਵਤਾਂ ਨੇ ਦੱਸਿਆ ਕਿ ਇਸ ਹਾਥੀ ਕਾਰਨ ਹੀ ਉਨਾਂ ਦੇ ਪ੍ਰਵਾਰ ਦੀ ਰੋਜੀ ਰੋਟੀ ਚਲਦੀ ਹੈ। ਜੇ ਇਹ ਚਲਾ ਜਾਂਦਾ ਹੈ ਤਾਂ ਕਿਸੇ ਦੂਸਰੇ ਮਹਾਵਤ ਦਾ ਹਾਥੀ ਬਾਦਸ਼ਾਹ ਦੀ ਪਸੰਦ ਬਣੇਗਾ ਤੇ ਅਸੀ ਫਾਡੀ ਰਹਿ ਜਾਵਾਂਗੇ ਤੇ ਪ੍ਰਵਾਰ ਨੂੰ ਪਿੱਛੇ ਪਰਤਣਾ ਪਵੇਗਾ।

ਮਹਾਵਤ ਫਕੀਰਾਂ ਦੀ ਸੰਗਤ ਕਰਦਾ ਹੁੰਦਾ ਸੀ। ਉਨੂੰ ਪਤਾ ਸੀ ਕਿ ਮੌਜ ਆਈ ਤੇ ਫਕੀਰ ਚਮਤਕਾਰ ਕਰ ਹੀ ਦਿੰਦੇ ਸਨ। ਉਹ ਖਹਿੜੇ ਪੈ ਗਇਆ ਕਿ ਬਾਬਾ ਜੀ ਤੁਸੀ ਹੀ ਕਿਰਪਾ ਕਰੋ ਤੇ ਮੇਰੇ ਹਾਥੀ ਨੂੰ ਬਚਾ ਦਿਓ। ਗੁਰੂ ਸਾਹਿਬ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਬੱਚਿਆਂ ਵਾਲੀ ਜਿੱਦ ਤੇ ਅੜੇ ਰਹੇ। ਅਖੀਰ ਦਿਆ ਦੇ ਘਰ ਆ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ ਜਾਂ ਸਤਿਨਾਮ ਵਾਹਿਗੁਰੂ ਕਹਿ ਕੇ ਹਾਥੀ ਤੇ ਪਾਣੀ ਦਾ ਘੜਾ ਪਾ ਦੇ। ਪਾਣੀ ਪਾਉਣ ਦੀ ਦੇਰ ਸੀ ਕਿ ਹਾਥੀ ਨੇ ਹਿਲਣਾ ਜੁਲਣਾ ਸ਼ੁਰੂ ਕਰ ਦਿੱਤਾ। ਤੇ ਆਖਿਰ ਤੇ ਉਠ ਖੜਾ ਹੋਇਆ।

ਇਹ ਖਬਰ ਓਸੇ ਦਿਨ ਬਾਦਸ਼ਾਹ ਦੇ ਕੰਨਾਂ ਤੱਕ ਪਹੁੰਚ ਗਈ।

ਅਗਲੇ ਦਿਨ ਬਾਦਸ਼ਾਹ ਆਪ ਹਾਥੀ ਤੇ ਸਵਾਰ ਹੋ ਕੇ ਨਾਲ ਪੂਰੇ ਸ਼ਾਹੀ ਠਾਠ ਬਾਠ ਨਾਲ 'ਟਿੱਲੇ' ਤੇ ਪਹੁੰਚ ਗਿਆ। ਨਾਲ ਹੀ ਉਹਦੇ ਸ਼ਾਹੀ ਕਾਜ਼ੀ ਤੇ ਹਜਰਤ ਨਿਜਾਮਉਦੀਨ ਔਲੀਏ ਦਾ ਸਜਦਾਨਸ਼ੀਨ ਪੀਰ ਹਸਨ ਬੋਦਲਾ✚ ਵੀ ਹਾਜਰ ਹੋ ਗਿਆ। ਯਾਦ ਰਹੇ ਸੂਫੀ ਪੀਰਾਂ ਨਾਲ ਗੁਰੂ ਸਾਹਿਬ ਦੇ ਸਬੰਧ ਬਹੁਤ ਗੂੜੇ ਸਨ।

ਪਰ ਇਸ ਮੌਕੇ ਕੁਝ ਹੋਰ ਕੱਟੜ ਮੁਸਲਮਾਨ ਪੀਰ ਵੀ ਹਾਜਰ ਸਨ। ਕਿਹਾ ਜਾਂਦਾ ਹੈ ਕਿ ਹਿੰਦੂ ਪੀਰ ਦੀਆਂ ਸਿਫਤਾਂ ਸੁਣ ਕੇ ਕਾਜ਼ੀ ਤਾਂ ਸੜ ਬਲ ਕੇ ਰਾਖ ਹੋ ਗਿਆ।

ਗੁਰੂ ਸਾਹਿਬ ਨੂੰ ਕਹਿਣ ਲੱਗਾ ਸੁਣਿਐ ਤੁਸੀ ਹਾਥੀ ਜਿਵਾ ਦਿੱਤਾ?

ਗੁਰੂ ਸਾਹਿਬ ਨੇ ਕਿਹਾ ਕਿ ਮਾਰਨ ਜੀਵਾਲਣ ਵਾਲਾ ਤਾਂ ਆਪ ਖੁਦਾ ਹੈ। ਪਰ 'ਦੂਆ ਇ ਫਕੀਰਾਂ। ਰਹਿਮ ਅੱਲਾ।' ਬੰਦਾ ਤਾਂ ਸਿਰਫ ਅਰਦਾਸ ਕਰ ਸਕਦਾ ਹੈ ਮੰਨਣਾ ਨਾਂ ਮੰਨਣਾ ਰੱਬ ਦੀ ਖੁਸ਼ੀ ਹੈ। ਕਾਜੀ ਕਹਿੰਦਾ ਚਲ ਫਿਰ ਹੁਣ ਦੁਆ ਕਰਕੇ ਇਹ ਹਾਥੀ ਦੁਬਾਰਾ ਮਾਰ ਦੇ। ਗੁਰੂ

ਖੋਜ ਮੁਦਾ

✚ ਗਿਆਨੀ -103. ਕੀ ਪੀਰ ਹਸਨ ਬੋਦਲਾ ਗੁਰੂ ਸਾਹਿਬ ਦੇ ਸਮਕਾਲੀ ਸੀ? ਤਸਦੀਕ ਹੋਣਾ ਬਾਕੀ ਹੈ।



ਗੁਰਦੁਆਰਾ ਮਜਨੂ ਕਾ ਟਿੱਲਾ, ਦਿੱਲੀ

ਸਾਹਿਬ ਨੇ ਕਿਹਾ ਨਹੀ ਹਜੂਰ ਅਸੀ ਐਹੋ ਜਿਹੇ ਕਰਮ ਨਹੀ ਕਰਦੇ। ਅਸੀ ਤਾਂ ਸਰਬਤ ਦਾ ਭਲਾ ਮੰਗਦੇ ਹਾਂ।

ਬਾਦਸ਼ਾਹ ਨੇ ਕਾਜੀ ਦੀ ਗੱਲ ਟੋਕਦਿਆਂ ਗੁਰੂ ਸਾਹਿਬ ਨੂੰ ਕਿਹਾ ਕਿ "ਔਲੀਆ ਸਾਹਿਬ ਕੁਝ ਕਬੂਲ ਫਰਮਾਓ।"

ਗੁਰੂ ਸਾਹਿਬ ਨੇ ਕਿਹਾ ਨਹੀ ਹਜੂਰ ਸਾਨੂੰ ਤਾਂ ਤਲਬ ਸਿਰਫ ਦੀਦਾਰ ਦੀ ਰਹਿੰਦੀ ਹੈ।

ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥

ਬਾਬੇ ਦੀਆਂ ਗੱਲਾਂ ਦੀ ਚਰਚਾ ਤਾਂ ਪਹਿਲਾਂ ਹੀ ਦਿੱਲੀ ਤੱਕ ਪਹੁੰਚ ਚੁੱਕੀ ਸੀ। ਫਿਰ ਇਸ ਵਾਰਦਾਤ ਨਾਲ ਚਾਰ ਚੁਫੇਰੇ ਗੁਰੂ ਸਾਹਿਬ ਦੀ ਜੈ ਜੈ ਕਾਰ ਹੋਣ ਲੱਗੀ। ਇਹੀ ਉਹ ਵੇਲਾ ਸੀ ਜਦੋਂ ਦਿੱਲੀ ਵਿੱਚ ਵੱਸਦੇ ਅਨੇਕਾਂ ਪੰਜਾਬੀ ਮੂਲ ਦੇ ਲੋਕ ਸਿੱਖੀ ਨਾਲ ਜੁੜੇ ਜਿੰਨਾ ਵਿੱਚ ਜਿਆਦਾਤਰ ਖੱਤਰੀ, ਬਾਣੀਏ ਤੇ ਅਰੋੜੇ ਸਨ। ਇਥੋ ਗੁਰੂ ਸਾਹਿਬ ਫਿਰ ਹਰਦਵਾਰ ਨੂੰ ਰਵਾਨਾ ਹੋ ਗਏ।

----◈-----

## ਨਾਨਕ ਪਿਆਓ

ਮਜਨੂ ਕੇ ਟਿੱਲੇ ਤੋਂ ਉਠ ਗੁਰੂ ਸਾਹਿਬ ਪੰਜਾਬ ਨੂੰ ਜਾਂਦੀ ਕਰਨਾਲ ਵਾਲੀ ਸੜ੍ਹਕ ਤੇ ਕੁਝ ਚਿਰ ਬਿਰਾਜੇ।

ਲਹੌਰ ਜਾਂਦੀ ਸੜਕ ਤੇ ਭਾਵ ਪੱਛਮੀ ਦਿਲੀ ਵਿੱਚ ਇੱਕ ਬਾਗ ਵਿੱਚ ਕਿਸੇ ਵੇਲੇ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਸ਼ਰਧਾਲੂ ਸਿੱਖ ਨੇ ਫਿਰ ਉਹ ਖੂਹ ਜਿਥੋ ਬਾਬੇ ਨੂੰ ਜਲ ਛਕਾਇਆ ਸੀ। ਉਸ ਨੂੰ ਲੋਕ ਭਲਾਈ ਨੂੰ ਸਮਰਪਤ ਕਰ ਦਿੱਤਾ ਜਿਥੋਂ ਰਾਹਗੀਰਾਂ ਨੂੰ ਜਲ ਪਾਣੀ ਛਕਾਇਆ ਜਾਣ ਲੱਗਾ। ਬਾਗ ਦੇ ਉਸ ਮਾਲਕ ਦਾ ਨਾਂ ਤਾਂ ਇਤਹਾਸ ਸਾਂਭ ਨਹੀ ਸਕਿਆ ਪਰ ਉਸ ਦਾ ਖੂਹ ਉਸ ਅਨਾਮ ਬਾਗ ਮਾਲਕ ਨੂੰ ਅਮਰ ਕਰ ਗਿਆ। ਜੀਟੀ ਕਰਨਾਲ ਰੋਡ ਤੇ ਉਸ ਖੂਹ ਤੇ ਹੀ ਗੁਰਦੁਆਰਾ ਨਾਨਕ ਪਿਆਉ ਮੌਜੂਦ ਹੈ।

ਇਕ ਹੋਰ ਸਾਖੀ ਅਨੁਸਾਰ ਗੁਰੂ ਸਾਹਿਬ ਕੁਝ ਦਿਨ ਇਥੇ ਠਹਿਰੇ ਸਨ ਤੇ ਆਉਦੇ ਜਾਂਦੇ ਲੋਕਾਂ ਨੂੰ ਆਪ ਇਸ ਖੂਹ ਦਾ ਜਲ ਛਕਾਉਦੇ ਰਹੇ। ⊙

----◈-----

ਦਿੱਲੀ- ਜਦੋਂ ਬਾਦਸ਼ਾਹ ਦੀ ਖੈਰਾਤ ਦੀ ਪੋਲ ਖੋਲੀ ਤਾਂ

## ਗੁਰੂ ਨਾਨਕ ਨੂੰ ਦੇਸ ਨਿਕਾਲੇ ਦੇ ਹੁਕਮ ਹੋਏ ■

ਬਾਦਸ਼ਾਹ ਸਿਕੰਦਰ ਲੋਧੀ ਲੋਕਾਈ ਵਿੱਚ ਕੱਟੜ ਮੁਸਲਮਾਨ ਵਜੋਂ ਬਦਨਾਮ ਸੀ। ਜਿਵੇ ਆਪਾਂ ਪਿਛੇ ਪੜ੍ਹ ਆਏ ਹਾਂ ਕਿ ਕਿਵੇ ਇਸ ਨੇ ਯੋਧਨ ਨਾਂ ਦੇ ਬ੍ਰਾਹਮਣ ਨੂੰ ਜੀਦੇ ਜੀ ਸਾੜ ਦਿਤਾ ਸੀ ਜਿਸ ਨੇ ਸਿਰਫ ਏਨਾ ਕਿਹਾ ਸੀ ਰੱਬ ਦੇ ਘਰ ਦੋਵੇ ਮਜ਼੍ਹਬ ਪਰਵਾਨ ਹਨ: ਇਸਲਾਮ ਵੀ ਅਤੇ ਹਿੰਦੂ ਮਤ ਵੀ। ਕਾਜੀਆਂ ਨੇ ਬਾਦਸ਼ਾਹ ਨੂੰ ਕਿਹਾ ਕਿ ਵੇਖੋ ਇਹ ਪੱਥਰ ਪੂਜ ਧਰਮ ਦੀ ਤੁਲਨਾ ਇਕ ਖੁਦਾ ਨੂੰ ਮੰਨਣ ਵਾਲੇ ਇਸਲਾਮ ਨਾਲ ਕਰ ਰਿਹਾ ਹੈ।




ਸਿਕੰਦਰ ਨੇ ਕਈ ਮੰਦਰ ਢਾਹ ਉਹਨਾਂ ਦੀ ਥਾਂ ਮਸੀਤਾਂ ਬਣਵਾ ਦਿੱਤੀਆਂ ਸਨ। ਜਿਵੇਂ: ਮੰਡਰੇਲ, ਉਦਗਿਰ, ਨਰਵਰ, ਨਗਰਕੋਟ ਅਤੇ ਮਥੁਰਾ ਦੇ ਪ੍ਰਸਿੱਧ ਮੰਦਰ। ਜਮੁਨਾ ਕੰਢੇ ਹਿੰਦੂ ਮੁੰਡਨ ਕਰਵਾਇਆ ਕਰਦੇ ਸਨ, ਬਾਦਸ਼ਾਹ ਨੇ ਉਹ ਵੀ ਬੰਦ ਕਰਵਾ ਦਿਤੇ ਸਨ।

ਇਹ ਬਾਦਸ਼ਾਹ ਕਦੀ ਹਿੰਦੂ ਸਾਧੂ ਸੰਨਿਆਸੀਆਂ ਨੂੰ ਫੜ੍ਹ ਕੇ ਵੱਗਾਰ ਵੀ ਲੈਂਦਾ ਸੀ।

ਦੂਸਰੇ ਪਾਸੇ ਇਹੋ ਬਾਦਸ਼ਾਹ

ਪੈੜ ਸ੍ਰੋਤ
⊙ ਸਾਈਕਲ ਯਾਤਰੀ-99
■ ਪੰਥ ਪ੍ਰਕਾਸ਼- ਰਤਨ ਸਿੰਘ ਭੰਗੂ



ਗੁਰਦੁਆਰਾ ਨਾਨਕ ਪਿਆਓ

ਗਰੀਬ ਗੁਰਬਿਆਂ ਸਾਧੂ ਫਕੀਰਾਂ ਭਿਖਾਰੀਆਂ ਲਈ ਲਹੌਰੀ ਗੇਟ ਦੇ ਲਾਗੇ ਲੰਗਰ ਲਾਉਂਦਾ ਸੀ। ਗੁਰੂ ਸਾਹਿਬ ਜਿੱਥੇ ਠਹਿਰੇ ਹੋਏ ਸਨ ਓਥੋਂ ਇਹ ਦਰਵਾਜਾ ਨੇੜੇ ਹੀ ਸੀ। (ਪੰਡਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ ਕਿ ਲਹੌਰੀ ਦਰਵਾਜੇ ਲਾਗੇ ਕੋਈ ਥੜਾ ਹੈ ਜਿੱਥੇ ਸਾਹਿਬ ਬਿਰਾਜੇ ਸਨ।) ਗੁਰੂ ਸਾਹਿਬ ਨੂੰ ਵੀ ਫਕੀਰਾਂ ਨੇ ਕਿਹਾ ਕਿ ਚਲੋ ਬਾਦਸ਼ਾਹ ਕੋਲੋ ਖੈਰਾਤ ਲੈ ਆਈਏ। ਉਸ ਵੇਲੇ ਗੁਰੂ ਸਾਹਿਬ ਨੇ ਬਾਦਸ਼ਾਹ ਦੀ ਇਸ ਨੀਤ ਦੀ ਰੱਜ ਕੇ ਖੰਡਣਾ ਕੀਤੀ ਕਿ ਇੱਕ ਪਾਸੇ ਇਹ ਇਨਸਾਨੀਅਤ ਤੇ ਜੁਲਮ ਕਰਦਾ ਹੈ ਤੇ ਦੂਸਰੇ ਪਾਸੇ ਦਾਨੀ ਪੁੰਨੀ ਹੋਣ ਦਾ ਢੋਂਗ ਰਚਾਉਂਦਾ ਹੈ। ਬਾਬੇ ਨੇ ਕਿਹਾ ਕਿ ਅਜਿਹੇ ਪੁੰਨ ਕਰਨ ਦਾ ਕੋਈ ਫਾਇਦਾ ਨਹੀ ਜਿੰਨਾ ਚਿਰ ਬੰਦਾ ਆਪਣੇ ਪਾਪ ਤੋਂ ਤੋਬਾ ਨਾਂ ਕਰੇ। ਗੁਰੂ ਸਾਹਿਬ ਨੇ ਕਿਹਾ ਕਿ ਇਹੋ ਜਿਹੇ ਕੰਮ ਤਾਂ ਕੋਈ ਅਕਲੋ ਅੰਨਾ ਹੀ ਕਰੇਗਾ। ਸਾਹਿਬ ਨੇ ਓਥੇ ਫਿਰ ਸਬਦ ਬੋਲਿਆ:

ਮਃ ੧ ॥ ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥ ਮਃ ੧ ॥ ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ ਜਿੱਥੇ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥

ਗੁਰਸਿੱਖਾਂ ਵਾਸਤੇ ਵੀ ਸਬਕ ਹੈ ਕਿ ਪਾਪ ਦੀ ਕਮਾਈ ਨਾਲ ਤੁਸੀ ਲੰਗਰ ਲਾਓਗੇ ਤਾਂ ਪਾਪ ਵਧੇਗਾ। ਹਾਂ ਪਾਪ ਤੋਂ ਤੋਬਾ ਕਰਕੇ ਗੁਰੂ ਦੇ ਦਰ ਆਓਗੇ, ਨਾਮ ਦੇ ਲੜ ਲਗੋਗੇ ਤਾਂ ਬਖਸ਼ੇ ਜਾਓਗੇ।

ਇਥੇ ਬਾਦਸ਼ਾਹ ਨੂੰ ਸਮਝਾਉਣ ਵਾਸਤੇ ਗੁਰੂ ਸਾਹਿਬ ਨੇ ਕੀ ਕੌਤਕ ਕੀਤਾ ਇਤਹਾਸ ਵਿਚ ਸਾਂਭਿਆ ਨਹੀ ਗਿਆ। ਪਰ ਏਨਾ ਪਤਾ ਲਗਦਾ ਹੈ ਕਿ ਬਾਦਸ਼ਾਹ ਲਾਜਵਾਬ ਹੋ ਗਿਆ ਸੀ। ਗੁਰੂ ਸਾਹਿਬ ਦੇ ਕੌਤਕ ਕਰਕੇ ਪੂਰੇ ਸੁਲਤਾਨੀ ਦਰਬਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾਂ ਪਿਆ ਸੀ।

ਕਾਜੀਆਂ ਨੇ ਦੁਹਾਈ ਦੇ ਦਿੱਤੀ ਕਿ ਇਹ ਦਰਵੇਸ਼ (ਗੁਰੂ ਨਾਨਕ) ਕੋਈ ਨਜੂਮੀ ਹੈ ਭਾਵ ਜਾਦੂ ਟੋਣਾ ਜਾਣਦਾ ਹੈ। ਹੁਕਮਰਾਨ ਗੁਰੂ ਸਾਹਿਬ ਤੋਂ ਭੈ ਭੀਤ ਵੀ ਹੋ ਗਏ ਸਨ। ਕਾਜੀਆਂ ਦੇ ਸਲਾਹ ਨਾਲ ਫਿਰ ਬਾਦਸ਼ਾਹ ਸਿਕੰਦਰ ਲੋਧੀ ਨੇ ਫਰਮਾਨ ਜਾਰੀ ਕਰ ਦਿਤਾ ਕਿ ਨਾਨਕ ਨਾਂ ਦਾ ਫਕੀਰ ਦਿੱਲੀ ਦੇ ਇਲਾਕੇ ਤੋਂ ਬਾਹਰ ਹੋ ਜਾਏ।*

ਉਦੋਂ ਤਕ ਗੁਰੂ ਸਾਹਿਬ ਦੀ ਚਰਚਾ ਚੁਫੇਰੇ ਛਿੜ ਚੁੱਕੀ ਸੀ। ਦਿੱਲੀ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸੁਦਾਗਰਾਂ, ਵਪਾਰੀਆਂ (ਖੱਤਰੀ, ਅਰੋੜੇ, ਬਣੀਏ) ਦੀ ਰਹਿੰਦੀ ਸੀ। ਖੁਦ ਬਾਦਸ਼ਾਹ ਵੀ ਪੰਜਾਬੀ ਹਿੰਦੂ ਮਾਂ ਦੇ ਪੇਟ ਤੋਂ ਪੈਦਾ ਹੋਇਆ ਸੀ ਜਿਸ ਕਰਕੇ ਪੰਜਾਬੀ ਸਭਿਆਚਾਰ ਤੋਂ ਚੰਗੀ ਤਰਾਂ ਵਾਕਫ ਸੀ।

ਇਹੋ ਕਾਰਨ ਹੈ ਗੁਰੂ ਸਾਹਿਬ ਦੁਬਾਰਾ ਦਿੱਲੀ ਨਹੀ ਸਨ ਆਏ।

----◆-----

## ਦਿਆਲਪੁਰ ਦਾ ਨਾਨਕ ਸਰੋਵਰ

ਦਿੱਲੀ ਤੋਂ 50 ਕਿ. ਮੀ. ਦੱਖਣ ਭਾਵ ਬੱਲਬਗੜ੍ਹ ਤੋਂ 8 ਕਿ. ਮੀ. ਤੇ ਪਿੰਡ ਦਿਆਲਪੁਰ ਵਿਖੇ ਪਹੁੰਚ ਗੁਰੂ ਨਾਨਕ ਪਾਤਸ਼ਾਹ ਨੇ ਕੋਈ ਅਲੌਕਿਕ ਹੀ ਕੌਤਕ ਕੀਤਾ ਸੀ। ਜਿਸ ਕਰਕੇ ਬਾਦ ਵਿੱਚ ਛੇਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਵੀ ਇਥੇ ਪਧਾਰੇ।

ਗੁਰੂ ਨਾਨਕ ਦੀ ਯਾਦ ਵਿੱਚ ਇਥੇ ਸਰੋਵਰ ਬਣਿਆ ਹੋਇਆ ਹੈ ਜਿਸ ਨੂੰ ਨਾਨਕ ਸਰੋਵਰ ਕਹਿੰਦੇ ਹਨ। ਗੈਰ ਪੰਜਾਬੀ ਸਿੱਖਾਂ ਦੀ ਇਸ ਅਸਥਾਨ ਤੇ ਕਿਸੇ ਵੇਲੇ ਡੂੰਘੀ ਸ਼ਰਧਾ ਹੁੰਦੀ ਸੀ।

ਇਲਾਕੇ ਦਾ ਪਾਣੀ ਖਾਰਾ ਹੋਣ ਕਰਕੇ ਛੇਵੇ ਪਾਤਸ਼ਾਹ ਅੱਗੇ ਲੋਕਾਂ ਨੇ ਬੇਨਤੀ ਕੀਤੀ ਕਿ ਪਾਣੀ ਦੀ ਇਥੇ ਬਹੁਤ ਤੰਗੀ ਹੈ। ਗੁਰੂ ਸਾਹਿਬ ਨੇ ਫਿਰ ਇੱਕ ਥਾਂ ਤੀਰ ਮਾਰਿਆ ਤੇ ਲੋਕਾਂ ਨੂੰ ਹੁਕਮ ਕੀਤਾ ਕਿ ਤੀਰ ਵਾਲੀ ਥਾਂ ਖੂਹ ਪੁੱਟੋਗੇ ਤਾਂ ਜਲ ਮਿੱਠਾ ਨਿਕਲੇਗਾ। ਓਥੇ 1930 ਈ ਤੱਕ ਤਾਂ ਖੂਹ ਮੌਜੂਦ ਸੀ।

ਸਰੋਵਰ ਦਿਆਲਪੁਰ



ਸਾਡੇ ਅੰਦਾਜ਼ੇ ਅਨੁਸਾਰ ਗੁਰੂ ਸਾਹਿਬ ਨਾਨਕਮੱਤਾ, ਰੁਦਰਪੁਰ, ਮੁਰਾਦਾਬਾਦ ਗੜ੍ਹ ਮੁਕਤੇਸ਼ਵਰ ਹੁੰਦੇ ਹੋਏ ਇਥੇ ਆਏ ਸਨ।

—▲—

ਪੈੜ ਸਫਾ

ਸਾਈਕਲ ਯਾਤਰੀ- 100 (ਦਿਆਲਪੁਰ ਵਿਖੇ ਗੁਰੂ ਸਾਹਿਬ ਦੀ ਯਾਦਗਾਰ ਹੋਣਾ ਇਹ ਸਾਬਤ ਕਰਦਾ ਹੈ ਕਿ ਸਾਹਿਬ ਆਗਰਾ ਮਥੁਰਾ ਨੂੰ ਇਸ ਰਸਤੇ ਥਾਂਣੀ ਲੰਘੇ ਹੋਣਗੇ।)